ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2355 | 25 January, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


# ਅਮਰੀਕਾ ਦੇ ਜੌਰਜੀਆ 'ਚ ਗੋਲੀਬਾਰੀ ਇੱਕ ਭਾਰਤੀ ਨਾਗਰਿਕ ਸਣੇ ਚਾਰ ਦੀ ਮੌਤ

**ਜੌਰਜੀਆ ਸਾਂਝੀ ਸੋਚ ਬਿਊਰੋ**


ਅਮਰੀਕਾ ਦੇ ਜੌਰਜੀਆ ਰਾਜ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਭਾਰਤੀ ਨਾਗਰਿਕ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਹ ਪੂਰਾ ਮਾਮਲਾ ਪਰਿਵਾਰਕ ਝਗੜੇ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਅਟਲਾਂਟਾ ਵਿੱਚ ਭਾਰਤੀ ਕੌਂਸੁਲੇਟ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਸੰਵੇਦਨਾ ਜ਼ਾਹਰ ਕੀਤੀ ਹੈ। ਸਥਾਨਕ ਮੀਡੀਆ ਨੇ ਦੱਸਿਆ ਕਿ ਲਾਰੈਂਸਵਿਲੇ ਸ਼ਹਿਰ ਵਿੱਚ ਸ਼ੁੱਕਰਵਾਰ ਸਵੇਰੇ ਵਾਪਰੀ ਇਸ ਘਟਨਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਇਸ ਮੌਕੇ ਤਿੰਨ ਬੱਚੇ ਵੀ ਘਰ 'ਚ ਮੌਜੂਦ ਸਨ।

ਅਟਲਾਂਟਾ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਕੌਂਸੁਲੇਟ ਜਨਰਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ''ਅਸੀਂ ਕਥਿਤ ਪਰਿਵਾਰਕ ਝਗੜੇ ਨਾਲ ਜੁੜੀ ਗੋਲੀਬਾਰੀ ਦੀ ਘਟਨਾ ਤੋਂ ਬਹੁਤ ਦੁਖੀ ਹਾਂ, ਜਿਸ ਵਿੱਚ ਇੱਕ ਭਾਰਤੀ ਨਾਗਰਿਕ ਪੀੜਤਾਂ ਵਿੱਚ ਸ਼ਾਮਲ ਸੀ। ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ।'' ਫੌਕਸ5 ਅਟਲਾਂਟਾ ਦੀ ਰਿਪੋਰਟ ਅਨੁਸਾਰ ਮਸ਼ਕੂਕ ਦੀ ਪਛਾਣ ਅਟਲਾਂਟਾ ਦੇ 51 ਸਾਲਾ ਵਿਜੈ ਕੁਮਾਰ ਵਜੋਂ ਹੋਈ ਹੈ। ਗਵਿਨੇਟ ਕਾਊਂਟੀ ਪੁਲੀਸ ਮੁਤਾਬਕ ਪੀੜਤਾਂ ਦੀ ਪਛਾਣ ਕੁਮਾਰ



ਦੀ ਪਤਨੀ ਮੀਮੂ ਡੋਗਰਾ(43) ਗੌਰਵ ਕੁਮਾਰ (33), ਨਿਧੀ ਚੰਦਰ (37) ਅਤੇ ਹਰੀਸ਼ ਚੰਦਰ (38) ਵਜੋਂ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ੱਕੀ 'ਤੇ ਵੱਖ ਵੱਖ ਦੋਸ਼ ਆਇਦ ਕੀਤੇ ਗਏ ਹਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਗੋਲੀਬਾਰੀ ਸ਼ੁਰੂ ਹੋਈ ਤਾਂ ਤਿੰਨ ਬੱਚੇ ਉੱਥੇ ਮੌਜੂਦ ਸਨ, ਜੋ ਖ਼ੁਦ ਨੂੰ ਬਚਾਉਣ ਲਈ ਇੱਕ ਅਲਮਾਰੀ ਵਿੱਚ ਲੁਕ ਗਏ। ਤਫ਼ਤੀਸ਼ਕਾਰਾਂ ਨੇ ਕਿਹਾ ਕਿ ਬੱਚਿਆਂ ਵਿੱਚੋਂ ਇੱਕ ਨੇ 911 'ਤੇ ਕਾਲ ਕੀਤੀ, ਜਿਸ ਨਾਲ ਅਧਿਕਾਰੀ ਮਿੰਟਾਂ ਵਿੱਚ ਹੀ ਘਟਨਾ ਸਥਾਨ 'ਤੇ ਪਹੁੰਚ ਗਏ। ਬੱਚੇ ਸੁਰੱਖਿਅਤ ਹਨ ਅਤੇ ਉਨ੍ਹਾਂ ਦੀ ਦੇਖ ਰੇਖ ਪਰਿਵਾਰ ਦੇ ਇੱਕ ਮੈਂਬਰ ਵੱਲੋਂ ਕੀਤੀ ਜਾ ਰਹੀ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511


RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Covered California Certified Insurance Agent
Inderjeet Singh Mann
CA Lic# 0H82488
Ph.: (916) 900-2000

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com






ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਵੱਲੋਂ ਸਾਰੀ ਸਾਧ ਸੰਗਤ ਨੂੰ ਸਤਿਕਾਰ ਸਹਿਤ ਸੱਦਾ ਦਿੱਤਾ ਜਾਂਦਾ ਕਿ

**25 ਜਨਵਰੀ , ਦਿਨ ਐਤਵਾਰ ਦੁਪਹਿਰ 12 ਵਜੇ**

**ਗੁਰਦੁਆਰਾ ਸਾਹਿਬ ਦੇ ਪ੍ਰਾਂਗਣ ਵਿੱਚ North ਤੇ South Hall Double Story Project ਦੀ**

## ਅਰਦਾਸ ਅਤੇ Ground Breaking ਕੀਤੀ ਜਾਵੇਗੀ ।






ਸੋ ਆਓ ਗੁਰੂ ਘਰ ਦੇ ਇਸ ਮਹੱਤਵਪੂਰਨ ਵਿਸਥਾਰ ਕਾਰਜ ਵਿੱਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਸੇਵਾ ਦੇ ਭਾਗੀਦਾਰ ਬਣੀਏ।

"ਇਹ ਪਾਵਨ ਸਮਾਗਮ ਸਿੱਖ ਗੁਰਦੁਆਰਾ ਸੈਨ ਹੋਜ਼ੇ, 3636 ਗੁਰਦੁਆਰਾ ਐਵੇਨਿਊ, ਸੈਨ ਹੋਜ਼ੇ, ਕੈਲੀਫ਼ੋਰਨੀਆ ਵਿੱਚ ਕਰਵਾਇਆ ਜਾਵੇਗਾ।"

**ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਪਾਵਨ ਸਮਾਗਮ ਵਿੱਚ ਆਪਣੀ ਹਾਜ਼ਰੀ ਜ਼ਰੂਰ ਭਰਣ।**

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਧਰਮ ਦੀ ਖਾਤਿਰ ਸ਼ਹੀਦੀ ਜਾਮ ਪੀ ਗਏ ਵੀਰ ਹਕੀਕਤ ਰਾਇ



ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

ਵੀਰ ਹਕੀਕਤ ਰਾਇ ਦਾ ਜਨਮ 22 ਮੱਘਰ ਸੰਨ 1716 ਈਸਵੀ ਦਿਨ ਸ਼ਨੀਵਾਰ ਪਿਤਾ ਸ੍ਰੀ ਭਾਗਮਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਂਓ ਸ੍ਰੀ ਨੰਦ ਲਾਲ ਸੀ। ਉਹ ਪਿੱਛੋਂ ਕਸੂਰ (ਪਾਕਿ) ਦੇ ਰਹਿਣ ਵਾਲੇ ਸਨ ਤੇ ਪਠਾਨਾਂ ਦੇ ਜ਼ੁਲਮ ਤੋਂ ਤੰਗ ਆ ਕੇ ਸਿਆਲਕੋਟ ਆ ਗਏ। ਇਕ ਦਿਨ ਅਚਾਨਕ ਕੁਝ ਮੁਸਲਮਾਨ ਲੜਕੇ (ਬੱਚੇ) ਵੀਰ ਹਕੀਕਤ ਰਾਏ ਨਾਲ ਲੜ ਪਏ। ਬੱਚਿਆਂ ਦੀ ਲੜਾਈ ਗਾਲੀ ਗਲੋਚ ਤੋਂ ਹੋਈ। ਇਸ ਦੌਰਾਨ ਇੱਕ ਮੁੱਲਾਂ ਉਥੋਂ ਦੀ ਜਾ ਰਿਹਾ ਸੀ, ਉਸ ਨੇ ਝਗੜੇ ਦਾ ਕਾਰਨ ਪੁੱਛਿਆ। ਮੁਸਲਮਾਨ ਲੜਕਿਆਂ ਨੇ ਕਿਹਾ ਇਸ ਨੇ ਫਾਤਮਾਂ ਦਾ ਨਾਂਅ ਲੈ ਕੇ ਗਾਲ੍ਹਾਂ ਕੱਢੀਆਂ ਹਨ। ਕਿਉਂ ਬਾਲਕ, ਤੂੰ ਬੀਬੀ ਫਾਤਮਾਂ ਨੂੰ ਗਾਲ੍ਹਾਂ ਕੱਢੀਆਂ ਹਨ, ਮੁਫਤੀ ਨੇ ਪੁਛਿਆ। ਵੀਰ ਹਕੀਕਤ ਰਾਏ ਨੇ ਕਿਹਾ, ਪਹਿਲਾਂ ਇਨ੍ਹਾਂ ਮੁੰਡਿਆਂ ਨੇ ਦੁਰਗਾ ਭਵਾਨੀ ਨੂੰ ਗਾਲ੍ਹਾਂ ਕੱਢੀਆਂ ਹਨ। ਮੁਫਤੀ ਨੇ ਜ਼ੋਰ ਦੇ ਕੇ ਕਿਹਾ, ਮੈਂ ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹਾਂ ਕੱਢੀਆਂ ਸਨ। ਮੈਂ ਫ਼ਿਰ ਤੈਨੂੰ ਇਹੋ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹੀ ਪਹਿਲਾਂ ਕੱਢੀ ਜਾਂ ਪਿੱਛੋਂ? ਪਿੱਛੋਂ ਮੈਂ ਉਦਾਂ ਹੀ ਆਖਿਆ ਜਿੱਦਾ ਮੁੰਡਿਆਂ ਮੇਰੀ ਭਵਾਨੀ ਨੂੰ ਆਖਿਆ ਸੀ। ਜ਼ੁਰਮ ਇਕਬਾਲ ਏ ਇਦੀ ਸਜ਼ਾ ਸਿਰਫ਼ ਇਕੋ ਹੀ ਏ। ਕਾਬੂਲ ਇਸਲਾਮ। ਅਗਰ ਮੁਜ਼ਰਮ ਇਨਕਾਰੀ ਹੈ ਤਾਂ ਗਰਦਨਜ਼ਨੀ ਕੀਤੀ ਜਾਏ। ਇਹ ਗੱਲ ਸੁਣ ਕੇ ਸਾਰੇ ਇਲਾਕੇ ਵਿਚ ਹਾ-ਹਾ ਕਾਰ ਮੱਚ ਗਈ। ਹਕੀਕਤ ਰਾਏ ਨੂੰ ਫੜ ਲਿਆ ਗਿਆ। ਉਸ ਦੀ ਮਾਤਾ ਕੌਰਾਂ ਅਪਣੇਂ ਪੁੱਤਰ ਦੀ ਜਾਨ ਬਖ਼ਸ਼ੀ ਲਈ ਵਾਸਤੇ ਪਾਉਣ ਲਗੀ। ਸਿਆਲਕੋਟ ਦੀ ਭਰੀ ਕਚਿਹਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ, ਸਭ ਕੁਝ ਲੈ ਲਉ ਤੇ ਮੇਰੇ ਅੱਖਾਂ ਦੇ ਨੂਰ ਨੂੰ , ਮੇਰੇ ਲਾਡਲੇ ਨੂੰ ਬਖ਼ਸ ਦਿਓ। ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫ਼ੀ ਮੰਗਦੀ ਹਾਂ। ਮੇਰਾ ਇਕੋ ਇਕ ਇਹੋ ਹੀ ਲਾਡਲਾ ਏ। ਮੈਨੂੰ ਅੱਖੋਂ ਅੰਨਿਆਂ ਨਾ ਕਰੋ, ਮੁਫ਼ਤੀ ਸਾਹਿਬ, ਤੁਸੀਂ ਵੀ ਬਾਲ ਬੱਚਿਆਂ ਵਾਲੇ ਓ।ਪਰ ਕੌਣ ਸੁਣਦਾ ਏ ਨਗਾਰਖਾਨੇ ਵਿਚ ਤਤੀ ਦੀ ਆਵਾਜ਼, ਕਿਸੇ ਨੇ ਵੀ ਗੱਲ ਨਾ ਗੌਲੀ। ਮੁਫ਼ਤੀ ਨੇ ਕੜਕਦੀ ਆਵਾਜ਼ ਵਿਚ ਫ਼ਿਰ ਕਿਹਾ, ਕਿਉ, ਸ਼ੋਕਰੇ, ਤੈਨੂੰ ਇਸਲਾਮ ਕਬੂਲ ਏ?

ਮਜ਼ਹਮ ਬਦਲਿਆ ਨਹੀਂ ਜਾਂਦਾ, ਇਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਹੀਂ, ਹਕੀਕਤ ਰਾਇ ਨੇ ਤੇਜ਼ਸਵੀ ਬੋਲ ਸਨ। ਇਸ ਦੀ ਜ਼ੁਬਾਨ 'ਚੋਂ ਸਾਜਿਸ਼ ਦੀ ਬੂ ਆਉਂਦੀ ਹੈ, ਹਕੂਮਤ ਲਈ ਕਿਸੇ ਵੇਲੇ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਲਈ ਇਸ ਦੀ ਸਜ਼ਾ ਬਹਾਲ ਰੱਖੀ ਜਾਵੇ।

ਭਾਗਮਲ ਅਤੇ ਉਸ ਦੇ ਕੁੜਮਾਂ ਨੇ ਮੁਫ਼ਤੀ ਦੇ ਕੋਲ ਕਈ ਸਿਫਾਰਸ਼ਾਂ ਖੜ੍ਹੀਆਂ, ਕਈ ਪਤਵੰਤੇ ਤਰਲੇ ਮਿੰਨਤ ਮਾਰਨ ਲੱਗੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ

ਅਗਲੇ ਦਿਨ ਕਤਲਾਗਾਹ ਵਿਚ ਫ਼ਿਰ ਹਕੀਕਤ ਨੂੰ ਪੁਛਿਆ ਗਿਆ, ਕਈ ਲਾਲਚ ਦਿੱਤੇ ਗਏ, ਖ਼ਬਸੂਰਤ ਲੜਕੀ, ਚਾਰ ਪਿੰਡ ਜਗੀਰ, ਵਧੀਆ ਅਹੁਦਾ, ਇਹ ਸਭ ਸਰਕਾਰ ਵਲੋਂ ਤੇ ਪੰਜ ਹਜ਼ਾਰ ਮੁਹਰਾ ਅਪਣੇ ਵਲੋਂ ਦੇਵਾਂਗਾ, ਤੁਮ ਬਰਖੁਰਦਾਰ, ਇਸਲਾਮ ਕਬੂਲ ਕਰ ਲਉ, ਤੁਮਾਰੀ ਮਾਂ ਦਾ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ, ਮਾਨ ਜਉ ਬੇਟਾ, ਮਾਨ ਜਾਉ - ਮੁਫ਼ਤੀ ਵੀ ਤਰਸ ਖਾ ਕੇ ਆਖ ਰਿਹਾ ਸੀ।

ਵੀਰ ਹਕੀਕਤ ਰਾਏ ਨੇ ਅਪਣੇ ਬੁਲੰਦ ਹੌਸਲੇ ਵਿਚ ਕਿਹਾ, ਕੀ ਇਸਲਾਮ ਕਬੂਲ ਕਰ ਲੈਣ ਨਾਲ ਮੌਤ ਨਹੀਂ ਆਏਗੀ? ਮੌਤ ਨੇ ਤਾਂ ਆਉਣਾ ਹੀ ਹੈ। ਹੁਣ ਤਾਂ ਘੋੜੀ ਲੈ ਕੇ ਆਓ, ਜੰਞ ਚੜ੍ਹਨ ਦਿਉ (ਮੌਤ), ਇਸ ਤੋਂ ਸੁਹਣਾ ਵੇਲਾ ਫ਼ਿਰ ਨਹੀਂ ਆਉਣ ਮਾਂ! ਤੂੰ ਸਮਝ ਲਈ ਮਾਂ, ਇਕ ਮੇਰਾ ਮੁੰਡਾ ਸੀ, ਉਹ ਵੀ ਧਰਮ ਦੀ ਖਾਤਿਰ ਕੁਰਬਾਨ ਕਰ ਦਿੱਤਾ। ਹਕੀਕਤ ਧਰਮ ਨਹੀਂ ਛੱਡ ਸਕਦਾ, ਜਾਨ ਦੇ ਸਕਦਾ ਏ ਮਾਂ! ਮਾਵਾਂ ਤਾਂ ਸਿਹਰੇ ਬੰਨ ਕੇ ਟੋਰਦੀਆਂ ਆਈਆਂ। ਖਤਰਾਣੀਆਂ ਤਾਂ ਗਾਨੇ ਬੰਨ ਕੇ ਟੋਰਦੀਆਂ ਹਨ। ਮਾਂ ! ਤੇਰੀਆਂ ਅੱਖਾਂ ਵਿਚ ਅਥਰੂ ਨੇ, ਸਾਫ ਕਰਦੇ ਅਥਰੂ, ਮੇਰਾ ਰਾਹ ਨਾ ਰੋਕ, ਮੰਜ਼ਿਲ, ਬੜੀ ਖ਼ੂਬਸੂਰਤ ਏ, ਮੈਨੂੰ ਅੱਜ ਹੁਲਾਰੇ ਲੈ ਲੈਣ ਦੇ। ਇਹ ਘੋੜੀ ਮੁੜ ਕੇ ਨਹੀਂ ਆਉਣੀ। ਮਾਂ ! ਮੇਰੀ ਜੇ ਇਕ ਭਾਬੀ ਹੁੰਦੀ, ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ। ਮਾਂ ! ਮੇਰੀ ਕੋਈ ਭੈਣ ਵੀ ਨਹੀਂ, ਕਿਸੇ ਗੁਆਂਢਣ ਨੂੰ ਸੱਦ ਲੈ, ਮੇਰੀ ਘੋੜੀ ਦੀਆਂ ਵਾਗਾਂ ਗੁੰਧ ਦੇਵੇ। ਪਿਤਾ ਜੀ ਨੂੰ ਕਵੋ, ਮੁਹਰਾਂ ਦੀ ਛੋਟ ਕਰਨ, ਪੁੱਤਰ ਘੋੜੀ ਚੜ੍ਹਿਆ ਏ, ਜ਼ਿੰਦਗੀ ਵਿਚ ਇਸ ਤੋਂ ਖ਼ੂਬਸੂਰਤ ਦਿਨ ਕਦੇ ਨਹੀਂ ਚੜਨਾ। ਮਾਂ! ਅਪਣੀ ਨੂੰਹ ਨੂੰ ਆਖੀਂ, ਫਿਰ ਮਿਲਾਂਗੇ, ਮੈਂ ਫ਼ਿਰ ਆਵਾਂਗਾ, ਕਰਮਾਂ ਵਾਲੀ ਦੀ ਕੁੱਖ ਵਿਚੋਂ। ਫਿਰ ਸਹੀ, ਪਰਸੋਂ ਬਸੰਤ ਏ, ਫੁੱਲ ਖਿੜ੍ਹੇ ਹਨ ਮਾਂ ! ਤੂੰ ਅਪਣੇਂ ਵਿਹੜੇ ਵਿਚ ਫੁੱਲ ਲਾ ਛੱਡ, ਸਾਰੀ ਉਮਰ ਮਹਿਕ ਦੇਣਗੇ ਧਰਮ ਦੀ ਸੱਚੀ ਸੁੱਚੀ ਪਾਕ-ਪਵਿੱਤਰ ਸ਼ਹੀਦੀ ਦੀ। ਲਾਹ ਲੈਣ ਦੇ ਚਾਅ ਇਨ੍ਹਾਂ ਨੂੰ ਗਾਂ ਕਸਾਈਆਂ ਦੇ ਹੱਥ ਆ ਗਈ ਹੇ। ਇਹ ਬੁਲਬੁਲਾਂ ਸਦਾ ਬਾਗੀ ਨਹੀਂ ਬੋਲਣਗੀਆਂ। ਅੱਗੇ ਕਿਸੇ ਨੇ ਧਰਮ ਛੱਡਿਆ ਏ ਜਿਹੜਾ ਮੈਂ ਛੱਡ ਦੇਣਾ।

ਹਕੀਕਤ ਰਾਏ ਮੁਸਕੁਰਾ ਰਿਹਾ ਸੀ, ਉਸ ਦੇ ਚਿਹਰੇ ਤੇ ਇਕ ਜਲੌ ਸੀ, ਇਸ ਅਲੌਕਿਕ ਸ਼ਕਤੀ ਦਾ ਜਲਣਾ। ਦੂਸਰੇ ਮੁਫ਼ਤੀ ਦੇ ਕਹਿਣ ਤੇ ਹਕੀਕਤ ਨੂੰ ਲਾਹੌਰ ਲੈ ਆਏ। ਬਸੰਤ ਪੰਚਮੀ ਵਾਲੇ ਦਿਨ ਜੱਲਾਦਾਂ ਅੱਗੇ ਪੇਸ਼ ਕੀਤਾ ਗਿਆ।

ਹਕੀਕਤ ਰਾਏ ਨੇ ਖੁਸ਼ ਹੋ ਕੇ ਕਿਹਾ, "ਮੈਂ ਆਪੇ ਹੀ ਚਲਦਾ ਹਾਂ ਕਤਲਗਾਹ ਤਕ, ਮੌਤ ਦਾ ਦਿਨ ਹੀ ਤਾਂ ਸਭ ਤੋਂ ਖ਼ੂਬਸੂਰਤ ਹੈ।

ਜੱਲਾਦਾਂ ਦਾ ਦਿਲ ਵੀ ਕੰਬ ਗਿਆ, ਖੁਦਾਇਆ ਰਹਿਮ। ਅਸੀਂ ਇਕ ਬੇਕਸੂਰ, ਬੇਗੁਨਾਹ ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ। ਹਕੀਕਤ ਰਾਏ ਨੇ ਆਪ ਆਪਣੀ ਧੌਣ ਪੇਸ਼ ਕਰ ਦਿੱਤੀ। ਜੱਲਾਦਾਂ ਨੇ ਇਕੋ ਟੱਕ ਨਾਲ ਧੜ ਨਾਲੋਂ ਧੌਣ ਅੱਡ ਕਰ ਦਿੱਤੀ।

ਹਕੀਕਤ ਰਾਏ ਸ਼ਹੀਦੀ ਪਾ ਗਿਆ ਪਰ ਉਸ ਦਾ ਮੁਬਾਰਕ ਨਾਓ ਕਿਆਮਤ ਤੱਕ ਜਿੰਦਾ ਰਹੇਗਾ। ਧਰਮ ਦੀ ਖ਼ਾਤਿਰ ਸ਼ਹੀਦ ਹੋਣ ਵਾਲੇ ਵੀਰ ਹਕੀਕਤ ਰਾਏ ਦਾ ਨਾਂਅ ਭਾਰਤ ਤੇ ਧਰਮ-ਇਤਿਹਾਸ ਵਿਚ ਧਰੂ ਤਾਰੇ ਦੇ ਵਾਂਗ ਚਕਮਦਾ ਰਵੇਗਾ। ਉਸ ਦੀ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪਥ ਪ੍ਰਦਰਸ਼ਕ ਦਾ ਕੰਮ ਕਰਦੀ ਰਵੇਗੀ।

ਬਸੰਤ ਹਰ ਸਾਲ ਆਏਗੀ ਤੇ ਹਕੀਕਤ ਰਾਏ ਦੀ ਸਮਾਧ ਤੇ ਹਰ ਸਾਲ ਸ਼ਰਧਾ ਦੇ ਫੁੱਲ ਖਿੜ੍ਹਦੇ ਰਹਿਣੇ। ਮਾਵਾਂ ਸੁੱਖਣਾ ਸੁਖਣ ਆਇਆ ਕਰਨਗੀਆਂ ਕਿ ਉਨ੍ਹਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ। ਪੰਜਾਬ (ਭਾਰਤ) ਨੂੰ ਫਖ਼ਰ ਦੇ ਇਨ੍ਹਾਂ ਸ਼ਹੀਦਾਂ ਤੇ। ਸ਼ਹੀਦਾਂ ਦਾ ਖ਼ੂਨ ਧਰਮ ਦਾ ਬੀਜ ਹੁੰਦਾ ਹੈ।

ਪ੍ਰਾਥਨਾ ਸਭਾ, ਸਰਸਵਤੀ ਮੰਦਿਰ,ਕਿਲਾ ਮੰਡੀ, ਬਟਾਲਾ, ਜ਼ਿਲ੍ਹਾ, ਗੁਰਦਾਸਪੁਰ ਪੰਜਾਬ ਵਲੋਂ ਹਰ ਸਾਲ ਬਸੰਤ ਪੰਚਮੀ ਦੇ ਦਿਨ ਵੀਰ ਹਕੀਕਤ ਰਾਏ ਦਾ ਸ਼ਹੀਦੀ ਦਿਵਸ ਭਾਰੀ ਮੇਲੇ ਦੇ ਰੂਪ ਵਿਚ ਧੂਮਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ। ਸਾਰਾ ਦਿਨ ਦੇਸੀ ਘਿਓ ਦਾ ਲੰਗਰ ਚਲਦਾ ਹੈ।

PERSONAL CONTACT NOTICE

To,
Rupinder Kaur, daughter of Late Harbans Singh Sandhu
If you are reading this notice, please contact Rajdeep Singh regarding an important personal matter.
You may contact me at:Phone: 669-290-3084
Email: Rajdeepsinghpooni72@gmail.com
This notice is published solely to request contact.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS


hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK

1003 Moffat Blvd,
Manteca CA 95336

209-239-1551



Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ

We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)

ਇਥੇ
ਪੰਜਾਬੀ ਰੈਸਟੋਰੈਂਟ
ਵੀ ਹੈ ਅਤੇ ਹਰ ਵੇਲੇ
ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668



# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**

# ਸ੍ਰੀ ਗੁਰੂ ਰਵਿਦਾਸ ਟੈਂਪਲ (ਕੈਲੀਫ਼ੋਰਨੀਆ)




## ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ

30 ਜਨਵਰੀ – 1 ਫ਼ਰਵਰੀ, 2026

### ਸ੍ਰੀ ਗੁਰੂ ਰਵਿਦਾਸ ਟੈਂਪਲ ਕੈਲੀਫ਼ੋਰਨੀਆ, ਪਿਟਸਬਰਗ ਵੱਲੋਂ

**ਸਤਿਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਐਤਵਾਰ, 1 ਫ਼ਰਵਰੀ 2026 ਨੂੰ ਗੁਰਦੁਆਰਾ ਸਾਹਿਬ ਵਿੱਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸਮਾਗਮ ਕਰਵਾਇਆ ਜਾ ਰਿਹਾ ਹੈ :**

## ਪ੍ਰੋਗਰਾਮ ਦੀ ਵੇਰਵਾ

| ਅਰੰਭ ਸ੍ਰੀ ਅਖੰਡ ਪਾਠ ਸਾਹਿਬ | ਨਿਸ਼ਾਨ ਸਾਹਿਬ ਦੀ ਸੇਵਾ | ਭੋਗ ਸ੍ਰੀ ਅਖੰਡ ਪਾਠ ਸਾਹਿਬ | ਕੀਰਤਨ ਦੀਵਾਨ |
|---|---|---|---|
| 30 ਜਨਵਰੀ 2026 (ਸ਼ੁੱਕਰਵਾਰ)<br>ਸਵੇਰੇ 9:30 ਵਜੇ | 31 ਜਨਵਰੀ 2026 (ਸ਼ਨੀਚਰਵਾਰ)<br>ਸਵੇਰੇ 11:00 ਵਜੇ | 1 ਫ਼ਰਵਰੀ 2026 (ਐਤਵਾਰ)<br>ਸਵੇਰੇ 9:30 ਵਜੇ | ਭੋਗ ਉਪਰਾਂਤ<br>ਦੁਪਹਿਰ 2:00 ਵਜੇ ਤੱਕ |

**ਸਾਧ ਸੰਗਤ ਵੱਲੋਂ ਇਸ ਸਮਾਗਮ ਦੌਰਾਨ ਲੰਗਰ, ਪਾਠ ਅਤੇ ਪਰਸ਼ਾਦ ਦੀ ਸੇਵਾ ਕੀਤੀ ਜਾਵੇਗੀ।**


ਗਿਆਨੀ ਬਲਵਿੰਦਰ ਸਿੰਘ


ਭਾਈ ਸੁਖਵਿੰਦਰ ਸਿੰਘ ਰਾਜੂ (ਹਜ਼ੂਰੀ ਰਾਗੀ)


ਗਿਆਨੀ ਨਿਸ਼ਾਨ ਸਿੰਘ ਦੇ ਜਥੇ

ਗੁਰੂ ਕਾ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕਰਨਗੇ।

### ਹੈਲਥ ਕੈਂਪ :

1 ਫ਼ਰਵਰੀ 2026 ਨੂੰ ਗੁਰਦੁਆਰਾ ਸਾਹਿਬ ਵਿੱਚ ਹੈਲਥ ਕੈਂਪ ਲਗਾਇਆ ਜਾਵੇਗਾ।
4 ਡਾਕਟਰ ਇਸ ਸੇਵਾ ਲਈ ਪਹੁੰਚ ਰਹੇ ਹਨ।
ਸਮਾਂ: ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤੱਕ

### ਸਟਾਲਾਂ ਜਾਂ ਹੋਰ ਸੇਵਾਵਾਂ ਲਈ ਸੰਪਰਕ ਕਰੋ :

**ਪ੍ਰਧਾਨ: ਵਿਨੋਦ ਕੁਮਾਰ – (408) 718-2506 | ਜਨਰਲ ਸਕੱਤਰ: ਸੁਨੀਤਾ ਸਿੰਘ – (415) 233-3319**

ਸਾਰੀ ਸੰਗਤ ਨੂੰ ਪਰਿਵਾਰ ਅਤੇ ਦੋਸਤਾਂ ਸਮੇਤ ਇਸ ਸਮਾਗਮ ਵਿੱਚ ਸ਼ਾਮਿਲ ਹੋਣ ਅਤੇ ਸਤਿਗੁਰੂ ਰਵਿਦਾਸ ਜੀ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਨ ਦੀ ਨਿਮਰ ਬੇਨਤੀ ਹੈ।

ਸੰਗਤ ਸੇਵਾਦਾਰ : ਚੇਅਰਮੈਨ : ਹਰਮੇਸ਼ ਕੁਮਾਰ | ਪ੍ਰਧਾਨ : ਵਿਨੋਦ ਕੁਮਾਰ | ਜਨਰਲ ਸਕੱਤਰ : ਸੁਨੀਤਾ ਸਿੰਘ | ਖ਼ਜ਼ਾਨਚੀ : ਜਸਵੀਰ ਚਾਹਲ

**Address : 2150 Crestview Dr, Pittsburg, CA 94565, United States**

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਿਲੀਅਨ** ਲਗਾਏ—ਕਉਿਂਕ ਉਿਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਿਲੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**

**Call : +91 73038-88722**

**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਨਾਟਕਕਾਰ ਸ.ਜਤਿੰਦਰ ਬਰਾੜ ਜੀ ਦਾ ਦੇਹਾਂਤ

## ਸੋਮਵਾਰ ਦੁਪਹਿਰ ਦੋ ਵਜੇ ਹੋਵੇਗਾ ਅੰਤਿਮ ਸੰਸਕਾਰ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪੰਜਾਬੀ ਨਾਟਕ ਨੂੰ ਆਪਣਾ ਪਲੇਟਫਾਰਮ ਦੇਣ ਵਾਲੇ ਅਤੇ ਇਸ ਰਾਹੀਂ ਰੰਗਮੰਚ ਜਗਤ ਵਿੱਚ ਕ੍ਰਾਂਤੀ ਲਿਆਉਣ ਵਾਲੇ ਉੱਘੇ ਨਾਟਕਕਾਰ ਜਤਿੰਦਰ ਬਰਾੜ ਹੁਣ ਨਹੀਂ ਰਹੇ। ਉਨ੍ਹਾਂ ਦਾ ਅੱਜ 81 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਬਰਾੜ ਪਰਿਵਾਰ ਅਨੁਸਾਰ, ਉਨ੍ਹਾਂ ਦਾ ਅੰਤਿਮ ਸੰਸਕਾਰ ਸੋਮਵਾਰ, 26 ਜਨਵਰੀ ਨੂੰ ਦੁਪਹਿਰ 2 ਵਜੇ ਸ਼ਹੀਦਾਂ ਸਾਹਿਬ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ। ਬਰਾੜ ਦੇ ਦੇਹਾਂਤ ਨਾਲ ਸਮੁੱਚੇ ਰੰਗਮੰਚ, ਸਾਹਿਤਕ, ਰਾਜਨੀਤਿਕ ਅਤੇ ਸਮਾਜਿਕ ਖੇਤਰਾਂ ਵਿੱਚ ਉਦਾਸੀ ਦੀ ਲਹਿਰ ਦੌੜ ਗਈ ਹੈ।ਨਾਟਕਕਾਰ ਜਤਿੰਦਰ ਬਰਾੜ ਦਾ ਦੇਹਾਂਤ ਰੰਗਮੰਚ ਵਿੱਚ ਇੱਕ ਯੁੱਗ ਦੇ ਅੰਤ ਨੂੰ ਦਰਸਾਉਂਦਾ ਹੈ। ਪੰਜਾਬੀ ਰੰਗਮੰਚ ਅਤੇ ਸੁਨਹਿਰੀ ਪਰਦਾ ਜਿੰਨਾ ਚਿਰ ਦੁਨੀਆਂ ਮੌਜੂਦ ਹੈ, ਉਨ੍ਹਾਂ ਦਾ ਕਰਜਦਾਰ ਰਹੇਗਾ। ਉੱਘੇ ਨਾਟਕਕਾਰ, ਪੰਜਾਬ ਗੌਰਵ ਅਤੇ ਅਣਗਿਣਤ ਹੋਰ ਸਨਮਾਨਾਂ ਨਾਲ ਸਨਮਾਨਿਤ ਨਾਟਕਕਾਰ ਜਤਿੰਦਰ ਬਰਾੜ ਦੇ ਦੇਹਾਂਤ ਨੇ ਕਲਾ ਅਤੇ ਸਾਹਿਤ ਦੀ ਦੁਨੀਆ ਵਿੱਚ ਇੱਕ ਨਾ ਪੂਰਾ ਹੋਣ ਵਾਲਾ ਖਲਾਅ ਪੈਦਾ ਕਰ ਦਿੱਤਾ ਹੈ। ਸ੍ਰੀ ਬਰਾੜ ਭਾਵੇਂ ਇੱਕ ਵਿਅਕਤੀ ਸਨ, ਪਰ ਉਨ੍ਹਾਂ ਨੇ ਥੀਏਟਰ ਅਤੇ ਸਾਹਿਤ ਲਈ ਇੱਕ ਸੰਸਥਾ ਵਜੋਂ ਸੇਵਾ ਨਿਭਾਈ। ਉਨ੍ਹਾਂ ਦਾ ਥੀਏਟਰਿਕ ਸਫ਼ਰ 'ਹਮ ਅਕੇਲੇ ਹੀ ਚਲੇ ਥੇ ਜਾਨਿਬ-ਏ-ਮੰਜ਼ਿਲ, ਮਗਰ ਲੋਗ ਮਿਲਤੇ ਗਏ ਔਰ ਕਾਰਵਾਂ ਬਨਤਾ ਗਿਆ' ਇਸਦਾ ਇੱਕ ਜਿਉਂਦਾ ਜਾਗਦਾ ਪ੍ਰਮਾਣ ਹੈ। ਪੰਜਾਬੀ ਥੀਏਟਰ ਅਤੇ ਸਿਲਵਰ ਸਕ੍ਰੀਨ ਹਮੇਸ਼ਾ ਬਰਾੜ ਜੀ ਦੁਆਰਾ ਪੰਜਾਬ ਨਾਟਸ਼ਾਲਾ ਰਾਹੀਂ ਕੀਤੇ ਗਏ ਕੰਮਾਂ ਲਈ ਕਰਜਦਾਰ ਰਹਿਣਗੇ। ਮਨੁੱਖੀ ਸੰਵੇਦਨਾਵਾਂ ਅਤੇ ਸਮਾਜਿਕ ਸਰੋਕਾਰਾਂ ਦਾ ਭੰਡਾਰ, ਜਤਿੰਦਰ ਬਰਾੜ ਦਾ ਜਨਮ ਇੱਕ ਪੇਂਡੂ ਵਾਤਾਵਰਣ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸਿੰਚਾਈ ਵਿਭਾਗ ਵਿੱਚ ਕੰਮ ਕਰਦੇ ਸਨ। ਸਿਧਾਂਤਾਂ ਦੇ ਮਾਲਕ ਹੋਣ ਕਰਕੇ, ਉਨ੍ਹਾਂ ਨੂੰ ਅਕਸਰ ਉਨ੍ਹਾਂ ਥਾਵਾਂ 'ਤੇ ਤਬਦੀਲ ਕੀਤਾ ਜਾਂਦਾ ਸੀ ਜਿੱਥੇ ਆਮ ਲੋਕ ਨਹੀਂ ਰਹਿ ਸਕਦੇ। ਬਰਾੜ ਸਾਹਿਬ ਇਨ੍ਹਾਂ ਹਾਲਾਤਾਂ ਵਿੱਚ ਵੱਡੇ ਹੋਏ ਅਤੇ ਉਨ੍ਹਾਂ ਦੇ ਪਿਤਾ ਦੇ ਸਖ਼ਤ ਸੁਭਾਅ ਨੇ ਉਨ੍ਹਾਂ ਨੂੰ ਹੋਰ ਵੀ ਦਲੇਰ ਬਣਾਇਆ। ਬਰਾੜ, ਜੋ ਕਦੇ ਵੀ ਨਾਟਕ ਦੀਆਂ ਮੂਲ ਗੱਲਾਂ ਨੂੰ ਨਹੀਂ ਜਾਣਦੇ ਸਨ, ਨੇ ਪਹਿਲਾਂ 1965 ਵਿੱਚ ਸਕੂਲ ਵਿੱਚ ਪੜ੍ਹਦੇ ਸਮੇਂ 'ਡੋਰਮੈਟਰੀ' ਨਾਮ ਦਾ ਨਾਟਕ ਪੇਸ਼ ਕੀਤਾ। ਉਨ੍ਹਾਂ ਦੇ ਪਿਤਾ ਦੇ ਤਬਾਦਲੇ ਜਾਰੀ ਰਹੇ, ਅਤੇ ਇਸੇ ਤਰ੍ਹਾਂ ਬਰਾੜ ਸਾਹਿਬ ਦੀ ਸਿੱਖਿਆ ਵੀ ਜਾਰੀ ਰਹੀ। ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਨ੍ਹਾਂ ਨੇ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਨੌਕਰੀ ਦੀ ਭਾਲ ਵਿੱਚ ਘੁੰਮਦੇ ਰਹੇ। 1968 ਵਿੱਚ, ਉਹਨਾਂ ਨੂੰ ਬਟਾਲਾ ਵਿੱਚ ਨੌਕਰੀ ਮਿਲ ਗਈ ਅਤੇ ਉਹਨਾਂ ਨੇ ਉੱਥੇ ਦੇ ਮਜ਼ਦੂਰਾਂ ਦੀ ਦੁਰਦਸ਼ਾ ਬਾਰੇ ਇੱਕ ਨਾਟਕ 'ਆਇਰਨ ਫਰਨੇਸ' ਲਿਖਿਆ। ਫਿਰ ਉਹਨਾਂ ਆਪਣੀ ਨੌਕਰੀ ਛੱਡ ਦਿੱਤੀ ਅਤੇ ਸੰਘਰਸ਼ ਕਰਦੇ ਹੋਏ, ਇੱਕ ਕੰਬਾਈਨ ਆਪਰੇਟਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ, ਉਹ ਪ੍ਰਸਿੱਧ ਥੀਏਟਰ ਸ਼ਖਸੀਅਤ ਭਾਈ ਗੁਰਸ਼ਰਨ ਸਿੰਘ ਨਾਲ ਜੁੜੇ ਹੋਏ ਸਨ। 1998 ਵਿੱਚ, ਉਹਨਾਂ ਨੇ ਖਾਲਸਾ ਕਾਲਜ ਦੇ ਸਾਹਮਣੇ ਇੱਕ ਫੈਕਟਰੀ ਵਿੱਚ ਇੱਕ ਓਪਨ-ਏਅਰ ਥੀਏਟਰ ਸਥਾਪਤ ਕੀਤਾ ਅਤੇ ਉੱਥੋਂ ਨਾਟਕ ਲਿਖਣੇ ਅਤੇ ਮੰਚਨ ਕਰਨਾ ਸ਼ੁਰੂ ਕੀਤਾ। ਬਰਾੜ ਦੇ ਨਾਟਕਾਂ ਵਿੱਚ 'ਕੁਦੇਸਨ', 'ਪਾਇਦਾਨ', 'ਫਸਲੇ', 'ਮਿਰਚ-ਮਸਾਲਾ', 'ਡਾਟਰ ਆਫ਼ ਦ ਬਿਨ', 'ਮਿਰਜ਼ਾ ਸਾਹਿਬਾਂ', 'ਅਗਨੀ ਪ੍ਰੀਖਿਆ', 'ਬਿਨ ਬੁਲਾਏ ਮਹਿਮਾਨ', 'ਫਾਈਲ ਚਲਦੀ ਰਹੀ', 'ਟੋਇਆ', 'ਸਬਜ਼ ਬਾਗ', 'ਅਰਮਾਨ', 'ਅਹਿਸਾਸ', 'ਪਹਿਚਾਣ', 'ਰਵ ਨਾਲ ਚੈਟ' ਅਤੇ 'ਸਾਕਾ ਜਲ੍ਹਿਆਂਵਾਲਾ ਬਾਗ' ਸ਼ਾਮਲ ਹਨ। ਬਰਾੜ ਦੇ ਸਮਰਪਣ ਅਤੇ ਮਿਹਨਤ ਨੇ ਉਸਨੂੰ ਕਾਰੋਬਾਰ ਵਿੱਚ ਨਾਮਣਾ ਖੱਟਿਆ ਹੈ ਅਤੇ ਪੰਜਾਬ ਵਿੱਚ ਕਲਾ ਦੇ ਪ੍ਰਚਾਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੁਆਰਾ ਸਥਾਪਿਤ ਪੰਜਾਬ ਥੀਏਟਰ, ਨਾ ਸਿਰਫ਼ ਦੇਸ਼ ਦੇ ਸਗੋਂ ਦੁਨੀਆ ਦੇ ਸਭ ਤੋਂ ਵਧੀਆ ਥੀਏਟਰਾਂ ਵਿੱਚੋਂ ਇੱਕ ਹੈ। ਪ੍ਰਿਥਵੀਰਾਜ ਕਪੂਰ ਦੇ ਪਰਿਵਾਰ ਨੇ ਖੁਦ ਮੰਨਿਆ ਹੈ ਕਿ ਇਹ ਥੀਏਟਰ ਮੁੰਬਈ ਦੇ ਪ੍ਰਿਥਵੀ ਥੀਏਟਰ ਨਾਲੋਂ ਕਿਤੇ ਉੱਤਮ ਹੈ। ਜਿੱਥੇ ਦੁਨੀਆ ਭਰ ਦੇ ਤਿੰਨ ਦਰਜਨ ਤੋਂ ਵੱਧ ਦੇਸ਼ਾਂ ਦੇ ਪ੍ਰਦਰਸ਼ਨ ਇਸ ਥੀਏਟਰ ਦੇ ਮੰਚ 'ਤੇ ਪੇਸ਼ ਕੀਤੇ ਗਏ ਹਨ, ਉੱਥੇ ਇਸ ਨੇ ਦੇਸ਼ ਦੇ ਕੁਝ ਸਭ ਤੋਂ ਮਸ਼ਹੂਰ ਕਲਾਕਾਰਾਂ ਦੀ ਮੇਜ਼ਬਾਨੀ ਵੀ ਕੀਤੀ ਹੈ। ਬਰਾੜ ਸਾਹਿਬ ਦੀ ਅਗਵਾਈ ਹੇਠ ਕਪਿਲ ਸ਼ਰਮਾ, ਭਾਰਤੀ ਸਿੰਘ, ਰਾਜੀਵ ਠਾਕੁਰ ਅਤੇ ਚੰਦਨ ਪ੍ਰਭਾਕਰ




ਸਮੇਤ ਅਣਗਿਣਤ ਕਲਾਕਾਰ ਇਸ ਮੰਚ ਤੋਂ ਉੱਭਰ ਕੇ ਆਪਣੀ ਪ੍ਰਤਿਭਾ ਨੂੰ ਵਿਸ਼ਵ ਪੱਧਰ 'ਤੇ ਜਾਣੂ ਕਰਵਾ ਰਹੇ ਹਨ। ਅੰਤ ਵਿੱਚ ਬਰਾੜ ਸਾਹਿਬ ਦਾ ਦੇਹਾਂਤ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਪਰ ਭਾਵੇਂ ਉਹ ਹੁਣ ਸਰੀਰਕ ਤੌਰ 'ਤੇ ਮੌਜੂਦ ਨਹੀਂ ਹਨ, ਉਹ ਹਮੇਸ਼ਾ ਲਈ ਆਪਣੇ ਵਿਚਾਰਾਂ, ਕਲਾ ਅਤੇ ਲਿਖਤਾਂ ਰਾਹੀਂ ਸਾਡਾ ਮਾਰਗਦਰਸ਼ਨ ਕਰਦੇ ਰਹਿਣਗੇ।

# ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਸਾਂਝੇ ਤੌਰ ਤੇ ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਸਾਂਝੇ ਤੌਰ ਤੇ ਸਮੂਹ ਪੰਜਾਬੀਆਂ ਨੂੰ 26ਜਨਵਰੀ 1986 ਦੇ ਖਾਲਿਸਤਾਨ ਐਲਾਨ ਨਾਮੇ ਦੀ ਚਾਲੀਵੀਂ ਵਰ੍ਹੇਗੰਢ ਮੌਕੇ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਗਈ।
ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਤੇ ਗੁਰਦੁਆਰਾ ਕਮੇਟੀਆਂ ਵੱਲੋਂ ਫੋਨ ਤੇ ਕਾਨਫਰੰਸ ਕਾਲ ਦੌਰਾਨ ਫੈਸਲਾ ਲਿਆ ਤੇ ਸਾਂਝੇ ਤੌਰ ਤੇ ਮੀਡੀਆ ਰਾਹੀਂ ਪੰਜਾਬ ਦੀਆਂ ਸਮੂਹ ਅਜਾਦੀ ਪਸੰਦ ਪੰਥਕ ਜੱਥੇਬੰਦੀਆਂ, ਸਿਆਸੀ ਪਾਰਟੀਆਂ, ਨਿਹੰਗ ਜਥੇਬੰਦੀਆਂ, ਸਟੂਡੈਂਟਸ ਫੈਡਰੇਸ਼ਨਾਂ ਅਤੇ ਹਰ ਵਰਗ ਦੇ ਅਜ਼ਾਦੀ ਪਸੰਦ ਨੁਮਾਇੰਦਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੋ 26ਜਨਵਰੀ ਸੋਮਵਾਰ ਨੂੰ ਸਾਂਝੇ ਤੌਰਤੇ ਖਾਲਿਸਤਾਨੀ ਜਥੇਬੰਦੀਆਂ ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ




ਅੰਮ੍ਰਿਤਸਰ, ਦਲ ਖ਼ਾਲਸਾ, ਪੰਚ ਪ੍ਰਧਾਨੀ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਵੱਲੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ 26 ਜਨਵਰੀ 1986 ਦੇ ਸਰਬੱਤ ਖ਼ਾਲਸਾ ਐਲਾਨ ਨਾਮੇ ਦੀ ਚਾਲੀਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ ਜਿਸ ਵਿੱਚ ਸਿੱਖ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਲਈ ਬੇਨਤੀ ਕੀਤੀ ਗਈ ਹੈ। ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਜਿਨ੍ਹਾਂ ਵਿੱਚ ਸਿੱਖ ਕੋਆਰਡੀਨੇਸ਼ਨ ਗੁਰਦੁਆਰਾ ਕਮੇਟੀ ਈਸਟ ਕੋਸਟ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿੱਚਮਿੰਡ ਹਿੱਲ ਨਿਊਯਾਰਕ,ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ ਇੰਕ.ਫਲੱਸ਼ਿੰਗ ਤੇ ਕੁਈਨਜ ਵਿਲੇਜ, ਅਮੇਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ, ਗੁਰਦੁਆਰਾ ਦਸ਼ਮੇਸ਼ ਦਰਬਾਰ ਨਿਊਜਰਸੀ, ਸਿੱਖ ਗੁਰਦੁਆਰਾ ਆਫ ਪਾਈਨਹਿੱਲ, ਗੁਰਦੁਆਰਾ ਸਿੰਘ ਸਭਾ ਫੈਅਰਫੈਕਸ ਵਰਜੀਨੀਆ,ਸਿੱਖ ਗੁਰਦੁਆਰਾ ਆਫ ਗ੍ਰੇਟਰ ਵਾਸ਼ਿੰਗਟਨ ,ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਦਲ ਖਾਲਸਾ ਯੂਐਸਏ, ਸਿੱਖ ਯੂਥ ਆਫ ਅਮਰੀਕਾ, ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ,ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ,ਪੰਥਕ ਸਿੱਖ ਸੁਸਾਇਟੀ,ਯੂਨਾਈਟਿਡ ਸਿੱਖਸ ਅਤੇ ਸਿੱਖ ਆਰਟ ਗੈਲਰੀ ਆਦਿ।

# ਏਅਰ ਇੰਡੀਆ ਨੇ ਨਿਊਯਾਰਕ ਅਤੇ ਨੇਵਾਰਕ ਲਈ ਉਡਾਣਾਂ ਕੀਤੀਆਂ ਰੱਦ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਅਮਰੀਕਾ ਇਸ ਸਮੇਂ ਇੱਕ ਰਿਕਾਰਡ ਤੋੜ ਵਿੰਟਰ ਸਟ੍ਰੋਮ ਦੀ ਲਪੇਟ ਵਿੱਚ ਹੈ ਬਰਫੀਲੇ ਤੂਫਾਨ ਦੀ ਚੇਤਾਵਨੀ ਜਾਰੀ ਕਰਦਿਆਂ ਰਾਸ਼ਟਰੀ ਮੌਸਮ ਸੇਵਾ ਨੇ ਕਿਹਾ ਕਿ ਇਹ ਤੂਫਾਨ ਕੇਂਦਰੀ ਮੈਦਾਨਾਂ ਤੋਂ ਉੱਤਰ-ਪੂਰਬ ਤੱਕ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭਾਰੀ ਬਰਫ਼ਬਾਰੀ, ਮੀਂਹ ਅਤੇ ਖ਼ਤਰਨਾਕ ਠੰਢ ਕਾਰਨ ਕਈ ਇਲਾਕਿਆਂ ਵਿੱਚ ਸੜਕਾਂ ਬੰਦ ਹੋਣ, ਬਿਜਲੀ ਬੰਦ ਹੋਣ ਅਤੇ ਯਾਤਰਾ ਵਿੱਚ ਵਿਘਨ ਪੈਣ ਦੀ ਸੰਭਾਵਨਾ ਹੈ।ਏਅਰ ਇੰਡੀਆ ਨੇ ਖ਼ਰਾਬ ਮੌਸਮ ਕਾਰਨ 25 ਅਤੇ 26 ਜਨਵਰੀ ਨੂੰ ਨਿਊਯਾਰਕ ਅਤੇ ਨੇਵਾਰਕ ਜਾਣ ਵਾਲੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਏਅਰਲਾਈਨ ਨੇ ਕਿਹਾ ਕਿ ਅਮਰੀਕਾ ਦੇ ਪੂਰਬੀ ਤੱਟ 'ਤੇ ਬਰਫੀਲੇ ਤੂਫਾਨ ਅਤੇ ਭਾਰੀ ਬਰਫ਼ਬਾਰੀ ਦੀ ਸੰਭਾਵਨਾ ਹੈ। ਇਸ ਨਾਲ ਉਡਾਣ ਸੰਚਾਲਨ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਇਹ ਫੈਸਲਾ ਯਾਤਰੀਆਂ ਅਤੇ ਚਾਲਕ ਦਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ।ਏਅਰਲਾਈਨ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਐਤਵਾਰ ਤੋਂ ਸੋਮਵਾਰ ਤੱਕ ਨਿਊਯਾਰਕ, ਨਿਊ ਜਰਸੀ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਖ਼ਰਾਬ ਮੌਸਮ ਦੀ ਸੰਭਾਵਨਾ ਹੈ।

# ਨਾਟਕਕਾਰ ਜਤਿੰਦਰ ਬਰਾੜ ਦੇ ਅਕਾਲ ਚਲਾਣੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੁੱਖ ਦਾ ਇਜ਼ਹਾਰ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਸਾਹਿਤਕ ਅਤੇ ਅਕਾਦਮਿਕ ਹਲਕਿਆਂ ਨੂੰ ਸੁੰਨ ਕਰ ਦੇਣ ਵਾਲੀ ਖ਼ਬਰ ਕਿ ਪੰਜਾਬ ਨਾਟਸ਼ਾਲਾ ਦੇ ਸਿਰਜਿਕ, ਪ੍ਰਮੁੱਖ ਨਾਟਕਕਾਰ ਅਤੇ ਲੇਖਕ ਸ਼੍ਰੀ ਜਤਿੰਦਰ ਬਰਾੜ ਦੇ ਅਕਾਲ ਚਲਾਣੇ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਜਰਨਲ ਸੱਕਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਕੁਹਾੜ ਅਤੇ ਦਫਤਰ ਸੱਕਤਰ ਦੀਪ ਦੇਵਿੰਦਰ ਸਿੰਘ ਨੇ ਦੁੱਖ ਪ੍ਰਗਟ ਕਰਦਿਆਂ ਦਸਿਆ ਕਿ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਜਗਦੇਵ ਖੁਰਦ ਵਿਖੇ 1945 ਨੂੰ



ਜਨਮੇ ਜਤਿੰਦਰ ਬਰਾੜ ਜਿਥੇ ਸਫਲ ਉਦਯੋਗਪਤੀ ਸਨ ਉਥੇ ਉਹ ਰੰਗ ਮੰਚ ਦੇ ਨਿਪੁੰਨ ਕਲਾਕਾਰ, ਨਾਟਕਕਾਰ, ਚਿਤਰਕਾਰ ਅਤੇ ਵਧੀਆ ਸਾਹਿਤਕਾਰ ਸਨ।ਉਹਨਾਂ ਆਪਣੇ ਲਿਖੇ ਨਾਟਕਾਂ ਫ਼ਾਸਲੇ ਕੁਦੇਸਣ, ਲੋਹੇ ਦੀ ਭੱਠੀ, ਪਾਏਦਾਨ, ਮਿਰਚ ਮਸਾਲਾ ਅਤੇ ਕੂੜੇਦਾਨ ਰਾਹੀਂ ਸਮਾਜਿਕ ਰਿਸ਼ਤਿਆਂ ਦੇ ਵਧ ਰਹੇ ਪਾੜੇ ਅਤੇ ਸਮਾਜਿਕ ਨਾ ਬਰਾਬਰੀ ਤੇ ਉਂਗਲ ਧਰਦਿਆਂ ਸਮਾਜ ਅੰਦਰ ਸਾਰਥਿਕ ਸੁਨੇਹਾ ਦਿਤਾ। ਉਹਨਾਂ ਵਲੋਂ ਗੁਰੂ ਨਗਰੀ ਵਿਖੇ ਕੌਮਾਂਤਰੀ ਪਧਰ ਦੀਆਂ ਸਹੂਲਤਾਂ ਨਾਲ ਲੈਸ ਟਿ'ਲਲ ਨਾਟਸ਼ਾਲਾ ਦਾ ਨਿਰਮਾਣ ਕਰਕੇ ਪੰਜਾਬੀ ਨਾਟਕ ਦੇ ਚੰਗੇਰੇ ਭਵਿੱਖ ਲਈ ਮੀਲ- ਪੱਥਰ ਕਾਇਮ ਕੀਤਾ। ਲੇਖਕ ਭਾਈਚਾਰੇ ਨੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਜਤਿੰਦਰ ਬਰਾੜ ਹੁਰਾਂ ਦੇ ਇੰਝ ਤੁਰ ਜਾਣ ਨਾਲ ਇਕ ਯੁੱਗ ਦਾ ਅੰਤ ਹੋਇਆ ਹੈ।

# ਸ੍ਰੀ ਦਰਬਾਰ ਸਾਹਿਬ ਦੇ ਸਰੋਵਰ 'ਚ ਕੁਰਲੀ ਵਾਲਾ ਵਿਅਕਤੀ ਗ੍ਰਿਫ਼ਤਾਰ

ਗਾਜ਼ੀਆਬਾਦ
ਸਾਂਝੀ ਸੋਚ ਬਿਊਰੋ

ਬੀਤੇ ਦਿਨੀਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਕ ਨੌਜਵਾਨ ਵੱਲੋਂ ਵੁਜ਼ੂ (ਕੁਰਲੀ ਕਰਨ) ਕਰਨ ਦੀ ਇਕ ਵੀਡੀਓ ਵਾਇਰਲ ਹੋਈ ਸੀ। ਜਿਸ ਤੋਂ ਬਾਅਦ ਵਿਵਾਦ ਕਾਫ਼ੀ ਵੱਧ ਗਿਆ। ਤਾਜ਼ਾ ਜਾਣਕਾਰੀ ਅਨੁਸਾਰ ਉਕਤ ਮੁਸਲਿਮ ਨੌਜਵਾਨ ਨੂੰ ਗਾਜ਼ੀਆਬਾਦ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਮਾਮਲੇ ਵਿੱਚ ਉਸਦੇ ਖਿਲਾਫ ਗਾਜ਼ੀਆਬਾਦ ਦੇ ਅੰਕੁਰ ਵਿਹਾਰ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਸੀ। ਗਾਜ਼ੀਆਬਾਦ ਪੁਲਿਸ ਹੁਣ ਉਸਨੂੰ



ਅੰਮ੍ਰਿਤਸਰ ਪੁਲਿਸ ਦੇ ਹਵਾਲੇ ਕਰੇਗੀ।ਦੱਸ ਦਈਏ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਪੁਲਿਸ ਕੋਲ ਵੀ ਇਸ ਸੰਬੰਧੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਐਸਜੀਪੀਸੀ ਦੇ ਅਨੁਸਾਰ, ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਨੌਜਵਾਨ ਬੇਅਦਬੀ ਦੇ ਇਰਾਦੇ ਨਾਲ ਦਾਖਲ ਹੋਇਆ ਸੀ। ਉਹ ਲਗਭਗ 20 ਮਿੰਟ ਤੱਕ ਹਰਿਮੰਦਰ ਸਾਹਿਬ ਵਿੱਚ ਰਿਹਾ ਪਰ ਉਸ ਮੱਥਾ ਨਹੀਂ ਟੇਕਿਆ। ਹਾਲਾਂਕਿ ਸਰੋਵਰ ਵਿੱਚ ਕੁਰਲੀ ਕਰਨ ਵਾਲਾ ਨੌਜਵਾਨ ਦੋ ਵਾਰ ਮੁਆਫ਼ੀ ਮੰਗ ਚੁੱਕਾ ਹੈ। ਨੌਜਵਾਨ ਨੂੰ ਦੂਜੀ ਵਾਰ ਮੁਆਫ਼ੀ ਇਸ ਲਈ ਮੰਗਣੀ ਪਈ ਕਿਉਂਕਿ ਪਹਿਲੀ ਮੁਆਫ਼ੀ ਦੀ ਵੀਡੀਓ ਵਿੱਚ, ਨੌਜਵਾਨ ਦੇ ਹੱਥ ਆਪਣੀਆਂ ਜੇਬਾਂ ਵਿੱਚ ਪਾਏ ਹੋਏ ਸਨ। ਸਿੱਖ ਭਾਈਚਾਰੇ ਨੇ ਉਸ ਦੇ ਮੁਆਫ਼ੀ ਮੰਗਣ ਦੇ ਤਰੀਕੇ 'ਤੇ ਸਵਾਲ ਉਠਾਏ ਸਨ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



# ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

## ਸਿਰ.ਫ ਇਕ ਕਾਲ - ਵੱਡੀ ਬੱਚਤ

# 510-706-1300

singhsolarusa@gmail.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਸੀ-ਪਾਈਟ ਕੈਂਪ ਰਣੀਕੇ ਅੰਮ੍ਰਿਤਸਰ ਵਿਖੇ ਸੁਕਿਊਰਟੀ ਸਪਰਵਾਈਜਰ ਦਾ ਮੁਫ਼ਤ ਕੋਰਸ 10 ਫਰਵਰੀ ਤੋਂ ਸ਼ੁਰੂ

ਅੰਮ੍ਰਿਤਸਰ
ਰਵੀ ਕੁਮਾਰ



ਸੀ-ਪਾਈਟ ਕੈਂਪ ਰਣੀਕੇ,ਅੰਮ੍ਰਿਤਸਰ ਦੇ ਅਧਿਕਾਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਜਿਲ੍ਹਾ ਅੰਮ੍ਰਿਤਸਰ ਦੇ ਯੁਵਕਾਂ ਲਈ ਸੀ-ਪਾਈਟ ਕੈਂਪ ਰਣੀਕੇ ਵਿਖੇ ਸੁਕਿਊਰਟੀ ਸੁਪਰਵਾਈਜਰ ਦਾ ਕੋਰਸ 10 ਫਰਵਰੀ 2026 ਤੋਂ ਸੁਰੂ ਹੋਣ ਜਾ ਰਿਹਾ ਹੈ। ਇਹ ਪੰਜਾਬ ਦੇ ਯੁਵਕਾਂ ਦੇ ਲਈ ਰੋਜਗਾਰ ਹਾਸਲ ਕਰਨ ਦਾ ਸੁਨਹਿਰੀ ਮੌਕਾ ਹੈ। ਪੰਜਾਬ ਦੇ ਚਾਹਵਾਨ ਯੁਵਕ ਜਲਦੀ ਤੋਂ ਜਲਦੀ ਸੀ-ਪਾਈਟ ਰਣੀਕੇ, ਅੰਮ੍ਰਿਤਸਰ ਵਿਖੇ ਕੈਂਪ ਵਿੱਚ ਆ ਕੇ ਆਪਣਾ ਰਜਿਸਟਰੇਸਨ ਕਰਵਾ ਸਕਦੇ ਹਨ। ਕੈਪਟਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਸੰਬਰ 2025 ਵਿੱਚ ਸੀ-ਪਾਈਟ ਕੈਂਪ ਰਾਣੀਕੇ, ਅੰਮ੍ਰਿਤਸਰ ਵਲੋਂ ਜੇਲ੍ਹ ਵਾਰਡਨ ਵਿੱਚ 100 ਯੁਵਕਾਂ ਨੂੰ ਭਰਤੀ ਕਰਵਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਸਿਵਲ ਵਿੱਚ ਹੋਰ ਵੀ ਰੋਜਗਾਰ ਮੋਹੁਇਆ ਕਰਵਾਇਆ ਗਿਆ ਹੈ।ਉਨਾਂ ਦੱਸਿਆ ਕਿ ਪੰਜਾਬ ਪੁਲਿਸ, ਸੀ.ਆਰ.ਪੀ. ਐਫ, ਬੀ.ਐਸ.ਐਫ, ਆਈ.ਟੀ.ਬੀ.ਪੀ ਵਿੱਚ ਨੌਜਵਾਨਾ ਦੇ ਭਰਤੀ ਹੋਣ ਵਧੀਆ ਟਾਰਗੇਟ ਰਿਹਾ ਹੈ। ਐਸ.ਐਸ.ਸੀ ਅਤੇ ਆਰਮੀ ਭਰਤੀ ਜਿਲਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੀ ਟਰੇਨਿੰਗ ਚੱਲ ਰਹੀ ਹੈ। ਇਸ ਸਬੰਧੀ ਚਾਹਵਾਨ ਯੁਵਕ ਜਦਲੀ ਤੋਂ ਜਲਦੀ ਸੀ-ਪਾਈਟ ਕੈਂਪ ਰਣੀਕੇ, ਅੰਮ੍ਰਿਤਸਰ ਵਿਖੇ ਆਪਣਾ ਫਿੱਜੀਕਲ ਟਰੇਨਿੰਗ ਅਤੇ ਲਿਖਤੀ ਪੇਪਰ ਜਲਦੀ ਤੋਂ ਜਲਦੀ ਤਿਆਰੀ ਕਰ ਸਕਦੇ ਹਨ। ਉਨਾਂ ਦੱਸਿਆ ਕਿ ਇਸ ਸਬੰਧੀ ਚਾਹਵਾਨ ਨੌਜਵਾਨ ਫਿੱਜੀਕਲ ਟੈਸਟ/ਲਿਖਤੀ ਪੇਪਰ ਦੀ ਸਿਖਲਾਈ ਲਈ ਜਰੂਰੀ ਦਸਤਾਵੇਜ ਦੀਆ ਫੋਟੋ ਕਾਪੀਆਂ, ਆਧਾਰ ਕਾਰਡ,ਦਸਵੀਂ ਕਲਾਸ ਜਾਂ ਬਾਰਵੀਂ ਕਾਲਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ ਫੋਟੋਗਰਾਫ ਲੈ ਕੇ ਰਿਪੋਰਟ ਕਰ ਸਕਦੇ ਹਨ। ਕੈਂਪ ਦੇ ਅਧਿਕਾਰੀ ਦੇ ਦੱਸਿਆ ਹੈ ਕਿ ਟਰੇਨਿੰਗ ਦੌਰਾਨ ਯੂਵਕਾਂ ਨੂੰ ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇਗਾ। ਇਸ ਸਬੰਧੀ ਯੂਵਕ ਵਧੇਰੇ ਜਾਣਕਾਰੀ ਲਈ ਇਹਨ੍ਹਾਂ ਮੁਬਾਇਲ ਨੰਬਰਾਂ 7009317626, 9872840492 ਤੇ ਸਪੰਰਕ ਕਰਕੇ ਟਰੇਨਿੰਗ ਲੈਣ ਲਈ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ ਆਈ.ਟੀ.ਆਈ. ਰਣੀਕੇ,ਅੰਮ੍ਰਿਤਸਰ ਵਿਖੇ ਆ ਕੇ ਟਰੇਨਿੰਗ ਦਾ ਲਾਭ ਲੈ ਸਕੇਦ ਹਨ।

# ਸਪੀਕਰ ਨੇ ਵਾਰਾਣਸੀ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ



ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉੱਤਰ ਪ੍ਰਦੇਸ਼ ਦੇ ਪਾਵਨ ਨਗਰ ਵਾਰਾਣਸੀ ਪੁੱਜ ਕੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕੀਤੇ ਅਤੇ ਬਾਬਾ ਕਾਸ਼ੀ ਵਿਸ਼ਵਨਾਥ ਮੰਦਰ ਵਿੱਚ ਮੱਥਾ ਵੀ ਟੇਕਿਆ।

ਇਹ ਮੰਦਰ ਪਵਿੱਤਰ ਗੰਗਾ ਨਦੀ ਦੇ ਕੰਢੇ ਸਥਿਤ ਹੈ, ਜੋ ਨਾ ਸਿਰਫ ਆਸਥਾ ਦਾ ਕੇਂਦਰ ਹੈ ਸਗੋਂ ਸਾਡੀ ਸ਼ਾਨਦਾਰ ਵਿਰਾਸਤ ਅਤੇ ਆਧੁਨਿਕਤਾ ਦਾ ਸ਼ਾਨਦਾਰ ਸੁਮੇਲ ਵੀ ਹੈ।ਉਨ੍ਹਾਂ ਨੇ ਵਾਰਾਣਸੀ (ਯੂ.ਪੀ.) ਵਿੱਚ ਗੁਰੂ ਕਾ ਬਾਗ ਗੁਰਦੁਆਰਾ ਸਾਹਿਬ ਵਿਖੇ ਵੀ ਨਤਮਤਸਕ ਹੋਏ ਇਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਹੈ।

ਸਪੀਕਰ ਨੇ ਸਾਰੇ ਪੰਜਾਬੀਆਂ ਦੀ ਭਲਾਈ ਲਈ ਵੀ ਅਰਦਾਸ ਕੀਤੀ।ਸ. ਸੰਧਵਾਂ ਨੇ ਵਾਰਾਣਸੀ ਦੀ ਪਵਿੱਤਰ ਧਰਤੀ ਬਾਰੇ ਕਿਹਾ ਕਿ ਉਨ੍ਹਾਂ ਨੂੰ ਇੱਥੇ ਪੁੱਜ ਕੇ ਅਥਾਹ ਸ਼ਾਂਤੀ ਅਤੇ ਸੁਕੂਨ ਮਹਿਸੂਸ ਹੋਈ ਹੈ।

ਇਹ ਉਹੀ ਇਤਿਹਾਸਕ ਸਥਾਨ ਹੈ ਜਿਸਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਦੌਰਾਨ ਭਾਗ ਲਾਏ ਸਨ ਅਤੇ ਪੰਡਿਤ ਚਤੁਰ ਦਾਸ ਨਾਲ ਵਿਚਾਰ-ਵਟਾਂਦਰਾ ਕਰਦਿਆਂ ਉਨ੍ਹਾਂ ਨੂੰ 'ਓਂਕਾਰ' ਬਾਣੀ ਰਾਹੀਂ ਸੱਚ ਦਾ ਮਾਰਗ ਦਿਖਾਇਆ ਸੀ।

ਇਸ ਦੌਰਾਨ ਸਪੀਕਰ ਸੰਧਵਾਂ ਨੇ 'ਬੇਗਮਪੁਰਾ' ਦਾ ਸੰਕਲਪ ਦੇਣ ਵਾਲੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੇ ਪਵਿੱਤਰ ਜਨਮ ਸਥਾਨ, ਸੀਰ ਗੋਵਰਧਨਪੁਰ ਵਿਖੇ ਵੀ ਮੱਥਾ ਟੇਕਿਆ।

'ਬੇਗ਼ਮਪੁਰਾ' ਤੋਂ ਭਗਤ ਰਵਿਦਾਸ ਜੀ ਦਾ ਭਾਵ ਸੀ ਉਹ ਥਾਂ ਜਿੱਥੇ ਕੋਈ ਗ਼ਮ ਜਾਂ ਦੁੱਖ ਨਾ ਹੋਵੇ, ਕੋਈ ਭੇਦਭਾਵ ਅਤੇ ਕੋਈ ਅਨਿਆਂ ਨਾ ਹੋਵੇ। ਆਓ ਅਸੀਂ ਉਨ੍ਹਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਦਾ ਯਤਨ ਕਰੀਏ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਉੱਪਰ ਉੱਠ ਕੇ ਭਾਈਚਾਰਕ ਸਾਂਝ ਵਧਾਈਏ।

# ਪੰਜਾਬ 'ਚ ਅੱਜ ਧੁੰਦ ਅਤੇ ਸੀਤ ਲਹਿਰ ਦਾ ਅਲਰਟ ਜਾਰੀ: ਚੱਲਣਗੀਆਂ ਤੇਜ਼ ਹਵਾਵਾਂ

ਅੰਮ੍ਰਿਤਸਰ
ਧੈਰਿਆ ਮਹਿਰਾ



ਮੌਸਮ ਵਿਭਾਗ ਨੇ ਐਤਵਾਰ ਨੂੰ ਪੰਜਾਬ ਵਿੱਚ ਸੰਘਣੀ ਧੁੰਦ ਅਤੇ ਸੀਤ ਲਹਿਰ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ। ਇਸ ਸਮੇਂ ਦੌਰਾਨ, ਪਠਾਨਕੋਟ, ਹੁਸ਼ਿਆਰਪੁਰ, ਨਵਾਂ ਸ਼ਹਿਰ, ਰੂਪਨਗਰ ਅਤੇ ਮੋਹਾਲੀ ਵਿੱਚ ਕੁਝ ਥਾਵਾਂ 'ਤੇ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ।

ਗੁਰਦਾਸਪੁਰ, ਲੁਧਿਆਣਾ, ਬਰਨਾਲਾ, ਸੰਗਰੂਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਕੁਝ ਥਾਵਾਂ 'ਤੇ ਸੰਘਣੀ ਤੋਂ ਬਹੁਤ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ।ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ ਅਤੇ ਜਲੰਧਰ ਵਿੱਚ ਕੁਝ ਥਾਵਾਂ 'ਤੇ ਸੰਘਣੀ ਤੋਂ ਬਹੁਤ ਸੰਘਣੀ ਧੁੰਦ/ਸੀਤ ਲਹਿਰ ਦੀ ਸਥਿਤੀ ਹੋਣ ਦੀ ਸੰਭਾਵਨਾ ਹੈ।

ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ ਅਤੇ ਮਾਨਸਾ ਵਿੱਚ ਕੁਝ ਥਾਵਾਂ 'ਤੇ ਸੰਘਣੀ ਧੁੰਦ/ਸੀਤ ਲਹਿਰ ਦੀ ਸਥਿਤੀ ਹੋਣ ਦੀ ਸੰਭਾਵਨਾ ਹੈ। ਚੰਡੀਗੜ੍ਹ ਵਿੱਚ ਵੀ ਧੁੰਦ ਪੈਣ ਦੀ ਉਮੀਦ ਹੈ।

ਮੌਸਮ ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ, ਪਹਾੜਾਂ ਵਿੱਚ ਬਰਫ਼ਬਾਰੀ ਕਾਰਨ ਮੈਦਾਨੀ ਇਲਾਕਿਆਂ ਵਿੱਚ ਤਾਪਮਾਨ ਵਿੱਚ ਕਾਫ਼ੀ ਗਿਰਾਵਟ ਆਈ ਹੈ। ਐਤਵਾਰ ਨੂੰ ਕਈ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਚੱਲਦੀਆਂ ਰਹਿਣਗੀਆਂ, ਪਰ ਮੌਸਮ ਵਿੱਚ ਕੋਈ ਵੱਡਾ ਬਦਲਾਅ ਆਉਣ ਦੀ ਉਮੀਦ ਨਹੀਂ ਹੈ। ਪੱਛਮੀ ਗੜਬੜ, ਜੋ ਕਿ ਜੰਮੂ ਅਤੇ ਨਾਲ ਲੱਗਦੇ ਪਾਕਿਸਤਾਨ ਉੱਤੇ ਇੱਕ ਘੱਟ ਦਬਾਅ ਵਾਲੇ ਖੇਤਰ ਵਜੋਂ ਮੌਜੂਦ ਸੀ, ਹੁਣ ਸਮੁੰਦਰ ਤਲ ਤੋਂ 3.1 ਤੋਂ 7.6 ਕਿਲੋਮੀਟਰ ਦੀ ਉਚਾਈ 'ਤੇ ਇੱਕ ਚੱਕਰਵਾਤੀ ਸਰਕੂਲੇਸ਼ਨ ਦੇ ਰੂਪ ਵਿੱਚ ਦਿਖਾਈ ਦੇ ਰਹੀ ਹੈ।

# ਡੈਮੋਕਰੈਟਿਕ ਉਮੀਦਵਾਰ ਰਾਖੀ ਇਸਰਾਨੀ ਨੂੰ ਵੱਡਾ ਹੁੰਗਾਰਾ 24 ਘੰਟਿਆਂ ਵਿੱਚ 10 ਲੱਖ ਡਾਲਰ ਫੰਡ ਹੋਇਆ ਇਕੱਠਾ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਕੈਲੀਫੋਰਨੀਆ ਦੇ ਅਮਰੀਕੀ ਕਾਂਗਰਸ ਦੇ 14 ਵੇਂ ਜਿਲੇ ਤੋਂ ਡੈਮੋਕਰੈਟਿਕ ਉਮੀਦਵਾਰ ਭਾਰਤੀ ਮੂਲ ਦੀ ਰਾਖੀ ਇਸਰਾਨੀ ਵੱਲੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਰਸਮੀ ਤੌਰ 'ਤੇ ਚੋਣ ਮੁਹਿੰਮ ਸ਼ੁਰੂ ਕਰਨ ਉਪਰੰਤ ਉਸ ਨੂੰ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਸਮਰਥਨ ਮਿਲਿਆ ਹੈ ਤੇ ਮਹਿਜ਼ 24ਘੰਟਿਆਂ ਵਿੱਚ 10 ਲੱਖ ਡਾਲਰ ਤੋਂ ਵਧ ਫੰਡ ਇਕੱਠਾ ਹੋਇਆ ਹੈ। ਇਹ ਜਾਣਕਾਰੀ ਉਸ ਦੀ ਚੋਣ ਮੁਹਿੰਮ ਦੇ ਸੰਚਾਲਕਾਂ ਨੇ ਦਿੱਤੀ ਹੈ। ਇਸਰਾਨੀ ਨੇ ਕਿਹਾ ਕਿ ਮਿਲੇ ਹੁੰਗਾਰੇ ਤੋਂ ਸਪੱਸ਼ਟ ਹੈ ਕਿ ਲੋਕ ਸਮਾਜ ਵਿੱਚ ਵੰਡੀਆਂ ਪਾਉਣ ਤੇ ਨਫਰਤੀ ਭਰੇ ਮਾਹੌਲ ਦੀ ਬਜਾਏ ਆਪਣੀਆਂ ਸਮੱਸਿਆਵਾਂ ਦਾ ਹਲ ਚਹੁੰਦੇ ਹਨ। ਉਨਾਂ ਕਿਹਾ ਕਿ ਮੈਨੂੰ ਵਿਸ਼ਵਾਸ਼ ਹੈ ਕਿ ਸਾਡਾ ਤਬਦੀਲੀ ਦਾ ਸੁਨੇਹਾ ਹਰ ਘਰ ਪੁੱਜੇਗਾ ਤੇ ਜਮੀਨ ਪੱਧਰ ਉਪਰ ਸਾਡਾ ਚੋਣ ਪ੍ਰਚਾਰ ਸਾਡੀ ਜਿੱਤ ਯਕੀਨੀ ਬਣਾਵੇਗਾ। 14 ਵੀਂ ਕਾਂਗਰਸ ਜਿਲਾ ਸੀਟ ਅਲਾਮੇਡਾ ਕਾਉਂਟੀ ਵਿੱਚ ਪੈਂਦੀ ਹੈ ਤੇ ਇਸ ਖੇਤਰ ਵਿੱਚ ਰਜਿਸਟਰਡ ਏਸ਼ੀਅਨ ਵੋਟਰਾਂ ਦੀ ਗਿਣਤੀ ਤਕਰੀਬਨ 32 ਫੀਸਦੀ ਹੈ।



# Ekam Handyman Services

**Reliable Handyman Services**

- Professional Repairs
- Quality Work
- Affordable Rates

**We Specialized In**:

Split-Level and Multi-Level Home Repairs

Fence Installation & Repairs Backyard Upgrades

Hardwood Floor, MarbleTiling, Repair & Refinishing

Insulated Window Installation & sealing

Washroom RepairsPlumbing

Fixes Electrical Repairs





Ekam Handyman services
@laddihandyman

(209)281-0288, (209)646-4056


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company.
policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਮੁੱਖਮੰਤਰੀ ਸਿਹਤ ਯੋਜਨਾ ਨੂੰ ਲਗਾਤਾਰ ਦੂਜੇ ਦਿਨ ਮਿਲਿਆ ਭਰਵਾਂ ਹੁੰਗਾਰਾ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇਥੇ ਪਟਿਆਲਾ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਮੁਹਿੰਮ ਨੂੰ ਲਗਾਤਰ ਦੂਜੇ ਦਿਨ ਜਾਰੀ ਰੱਖਦਿਆਂ ਅਮਨ ਵਿਹਾਰ ਕਲੋਨੀ, ਤ੍ਰਿਪੜੀ, ਸੁਖਰਾਮ ਕਲੋਨੀ, ਪਿੰਡ ਲੰਗ, ਮਾਤਾ ਕੌਸ਼ਲਿਆ ਹਸਪਤਾਲ ਅਤੇ ਰਾਜਿੰਦਰਾ ਹਸਪਤਾਲ ਵਿਖੇ ਸਿਹਤ ਕਾਰਡ ਜਾਰੀ ਕਰਨ ਵਾਲੇ ਕੇਂਦਰਾਂ ਦਾ ਉਦਘਾਟਨ ਕੀਤਾ। ਦੱਸਣਯੋਗ ਹੈ ਕਿ ਇਹ ਯੋਜਨਾ ਸੂਬੇ ਦੇ ਹਰ ਮੂਲ ਨਿਵਾਸੀ ਨੂੰ ਯੂਨੀਵਰਸਲ ਹੈਲਥ ਕਵਰੇਜ ਪ੍ਰਦਾਨ ਕਰਦੀ ਹੈ।

ਇਸ ਦੌਰਾਨ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੁਣ ਰਾਜ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ ਅਤੇ ਸਮਾਜ ਦੇ ਆਰਥਿਕ ਤੌਰ 'ਤੇ ਗਰੀਬ ਵਰਗ ਦੇ ਲੋਕ ਹੁਣ ਨਿੱਜੀ ਹਸਪਤਾਲਾਂ ਵਿੱਚ ਵੀ ਇਲਾਜ ਲੈ ਸਕਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਯੋਜਨਾ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ ਕਿ ਸੂਬੇ ਦਾ ਕੋਈ ਵੀ ਨਾਗਰਿਕ ਵਿੱਤੀ ਤੰਗੀਆਂ-ਤੁਰਸ਼ੀਆਂ ਕਾਰਨ ਮਿਆਰੀ ਸਿਹਤ ਸੰਭਾਲ ਸੇਵਾਵਾਂ ਤੋਂ ਵਾਂਝਾ ਨਾ ਰਹੇ।



ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਇਸ ਯੋਜਨਾ ਅਧੀਨ ਸਾਰੀਆਂ ਦਵਾਈਆਂ ਦੇ ਨਾਲ-ਨਾਲ ਡਾਇਗਨੌਸਟਿਕ ਟੈਸਟ ਵੀ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤਹਿਤ ਨਾਗਰਿਕਾਂ ਨੂੰ ਆਰਥੋਪੈਡਿਕਸ, ਜਨਰਲ ਮੈਡੀਸਨ, ਕਾਰਡੀਓਲੋਜੀ, ਨਿਊਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਓਨਕੋਲੋਜੀ ਅਤੇ ਹੋਰ ਉੱਨਤ ਮੈਡੀਕਲ ਸ਼੍ਰੇਣੀਆਂ ਵਿੱਚ ਵਿਸ਼ੇਸ਼ ਇਲਾਜ ਸੇਵਾਵਾਂ ਮਿਲਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਯੋਜਨਾ ਅਧੀਨ ਹਸਪਤਾਲਾਂ ਵਿੱਚ ਇਲਾਜ ਦੀ ਪੂਰੀ ਲਾਗਤ ਦੇ ਨਾਲ-ਨਾਲ ਡਾਇਗਨੌਸਟਿਕ ਸੇਵਾਵਾਂ ਨੂੰ ਪੂਰੀ ਤਰ੍ਹਾਂ ਕਵਰ ਕੀਤਾ ਗਿਆ ਹੈ। ਯੋਜਨਾ ਪ੍ਰਤੀ ਵਿਆਪਕ ਜਾਗਰੂਕਤਾ ਅਤੇ ਇਸਦੇ ਜ਼ਮੀਨੀ ਪੱਧਰ 'ਤੇ ਲਾਗੂਕਰਨ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਪਠਾਨਕੋਟ ਦੇ ਭੋਆ ਹਲਕੇ ਦੇ ਪਿੰਡਾਂ ਬਮਿਆਲ, ਨਰੋਟ ਜੈਮਲ ਸਿੰਘ ਅਤੇ ਅਨਿਆਲ ਦਾ ਵਿਸ਼ੇਸ਼ ਦੌਰਾ ਕੀਤਾ। ਉਨ੍ਹਾਂ ਨੇ ਘਰ-ਘਰ ਜਾ ਕੇ ਵਸਨੀਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਸਿਹਤ ਕਾਰਡ ਬਣਾਉਣ ਲਈ ਲੋਕਾਂ ਨੂੰ ਮੌਕੇ 'ਤੇ ਹੀ ਟੋਕਨ ਜਾਰੀ ਕੀਤੇ ਜਾਣ ਨੂੰ ਯਕੀਨੀ ਬਣਾਇਆ।

ਇਸੇ ਤਰ੍ਹਾਂ ਮਲੋਟ ਵਿੱਚ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵੀ ਘਰ-ਘਰ ਜਾ ਕੇ ਲੋਕਾਂ ਨੂੰ ਇਸ ਯੋਜਨਾ ਬਾਰੇ ਜਾਣੂੰ ਕਰਵਾਇਆ ਅਤੇ ਇਸਨੂੰ ਸਿਹਤ ਸੰਭਾਲ ਖੇਤਰ ਵਿੱਚ ਇੱਕ ਕ੍ਰਾਂਤੀਕਾਰੀ ਪਹਿਲ ਦੱਸਿਆ, ਜੋ ਸਮਾਜ ਦੇ ਸਾਰੇ ਵਰਗਾਂ ਲਈ ਮਿਆਰੀ ਡਾਕਟਰੀ ਸੇਵਾਵਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਂਦੀ ਹੈ। ਸੂਬੇ ਦੇ ਹੋਰ ਹਿੱਸਿਆਂ ਵਿੱਚ ਵੀ ਸਿਹਤ ਕਾਰਡ ਰਜਿਸਟ੍ਰੇਸ਼ਨ ਮੁਹਿੰਮ ਪੂਰੀ ਸਰਗਰਮੀ ਨਾਲ ਜਾਰੀ ਰਹੀ, ਜਿਸ ਵਿੱਚ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਵਿਖੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ, ਜਦੋਂ ਕਿ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਮਾਨਸਾ ਦੇ ਪਿੰਡ ਖੋਖਰ ਖੁਰਦ ਵਿੱਚ ਮੁਹਿੰਮ ਦੀ ਸ਼ੁਰੂਆਤ ਕੀਤੀ, ਜਿਸ ਨਾਲ ਇਸ ਯੋਜਨਾ ਦਾ ਲਾਭ ਹਰ ਘਰ ਤੱਕ ਪਹੁੰਚਾਉਣ ਸਬੰਧੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਹੋਰ ਬਲ ਮਿਲਿਆ।

# ਗਣਤੰਤਰ ਦਿਵਸ ਦੇ ਮੱਦੇਨਜ਼ਰ ਹਥਿਆਰ ਤਸਕਰੀ ਮਾਡਿਊਲ ਨਾਲ ਜੁੜੇ ਤਿੰਨ ਵਿਅਕਤੀ ਅੰਮ੍ਰਿਤਸਰ ਤੋਂ ਕਾਬੂ: ਤਿੰਨ ਪਿਸਤੌਲ ਬਰਾਮਦ

ਜਲੰਧਰ ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ ਸ਼ਾਂਤੀਪੂਰਨ ਢੰਗ ਨਾਲ ਗਣਤੰਤਰ ਦਿਵਸ ਦੇ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਸੂਬੇ ਵਿੱਚ ਸਖ਼ਤ ਸੁਰੱਖਿਆ ਦੇ ਚਲਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦੇ ਤਿੰਨ ਮੁਲਜ਼ਮਾਂ ਨੂੰ, ਤਿੰਨ ਵਿਦੇਸ਼ੀ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਮਨੀ,ਜੋ ਅੰਮ੍ਰਿਤਸਰ ਦੇ ਬਾਗਵਾਨਪੁਰ ਦਾ ਵਾਸੀ ਹੈ; ਸਹਿਜਪਾਲ ਸਿੰਘ,ਜੋ ਅੰਮ੍ਰਿਤਸਰ ਦੇ ਪਿੰਡ ਵਿਛੋਆ ਦਾ ਵਸਨੀਕ ਹੈ; ਅਤੇ ਦਿਲਜਨਪ੍ਰੀਤ ਸਿੰਘ,ਜੋ ਅੰਮ੍ਰਿਤਸਰ ਦੇ ਪਿੰਡ ਸ਼ਹਿਜ਼ਾਦਾ ਦਾ ਵਾਸੀ ਹੈ, ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਦੋ 9 ਐਮ.ਐਮ. ਪਿਸਤੌਲ ਅਤੇ ਇੱਕ .30 ਬੋਰ ਪਿਸਤੌਲ ਸਮੇਤ 15 ਜ਼ਿੰਦਾ ਕਾਰਤੂਸ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦਾ ਸਪਲੈਂਡਰ ਮੋਟਰਸਾਈਕਲ, ਜਿਸਦਾ ਰਜਿਸਟਰੇਸ਼ਨ ਨੰਬਰ ਪੀਬੀ02 ਈਟੀ 8857 ਹੈ,ਵੀ ਜ਼ਬਤ ਕੀਤਾ ਹੈ, ਜਿਸਦੀ ਵਰਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਢੋਆ-ਢੁਆਈ ਲਈ ਕੀਤੀ ਜਾ ਰਹੀ ਸੀ।




ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ ਅਤੇ ਕਥਿਤ ਤੌਰ 'ਤੇ ਗੰਭੀਰ ਅਪਰਾਧਿਕ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਉਲੀਕ ਰਹੇ ਸਨ। ਕਾਰਵਾਈ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਿਸ ਨੂੰ ਲੋੜੀਂਦੇ ਅਪਰਾਧੀ ਮਨੀ ਅਤੇ ਉਸਦੇ ਸਾਥੀਆਂ ਕੋਲ ਗੈਰ-ਕਾਨੂੰਨੀ ਹਥਿਆਰ ਹੋਣ ਅਤੇ ਇਲਾਕੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਉਣ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ , ਜਿਸ 'ਤੇ ਕਾਰਵਾਈ ਕਰਦਿਆਂ ਸੀ.ਆਈ. ਅੰਮ੍ਰਿਤਸਰ ਦੀਆਂ ਟੀਮਾਂ ਨੇ ਉਕਤ ਮੁਲਜ਼ਮਾਂ ਨੂੰ ਉਦੋਂ ਘੇਰ ਲਿਆ ਜਦੋਂ ਉਹ ਅੰਮ੍ਰਿਤਸਰ-ਫਤਿਹਗੜ੍ਹ ਚੂੜੀਆਂ ਰੋਡ 'ਤੇ ਪਿੰਡ ਮੁਰਾਦਪੁਰਾ ਵੱਲ ਜਾ ਰਹੇ ਸਨ। ਜਾਣਕਾਰੀ ਮੁਤਾਬਿਕ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਮਨੀ, ਅਕਤੂਬਰ 2025 ਵਿੱਚ ਪੁਲਿਸ ਥਾਣਾ ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਗੈਰ-ਕਾਨੂੰਨੀ ਹਥਿਆਰਾਂ ਦੀ ਬਰਾਮਦਗੀ ਤੋਂ ਬਾਅਦ ਦਰਜ ਕੀਤੇ ਗਏ ਅਸਲਾ ਐਕਟ ਦੇ ਮਾਮਲੇ ਵਿੱਚ ਵੀ ਪੰਜਾਬ ਪੁਲਿਸ ਨੂੰ ਲੋੜੀਂਦਾ ਸੀ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਪੂਰੀ ਸਪਲਾਈ ਚੇਨ ਦਾ ਪਤਾ ਲਗਾਉਣ ਅਤੇ ਅਗਲੇ-ਪਿਛਲੇ ਸਬੰਧ , ਜਿਸ ਵਿੱਚ ਸਰਹੱਦ ਪਾਰ ਦੇ ਸੰਭਾਵੀ ਸੰਪਰਕ ਵੀ ਸ਼ਾਮਲ ਹਨ, ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਅਸਲਾ ਐਕਟ ਦੀ ਧਾਰਾ 25 ਅਤੇ 25(1)(ਏ) ਅਤੇ ਬੀਐਨਐਸ ਐਕਟ ਦੀ ਧਾਰਾ 61(2) ਦੇ ਤਹਿਤ ਪੁਲਿਸ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਐਫਆਈਆਰ ਨੰਬਰ 4 ਮਿਤੀ 23-01-2026 ਨੂੰ ਕੇਸ ਦਰਜ ਕੀਤਾ ਗਿਆ ਹੈ।

# ਗੋਲੀਬਾਰੀ ਵਿੱਚ ਦੋ ਮੌਤਾਂ ਅਤੇ ਇਕ ਦੀ ਹਾਲਤ ਗੰਭੀਰ

ਸੈਕਰਾਮੈਂਟੋ ਹੁਸਨ ਲੜੋਆ ਬੰਗਾ

ਨਿਊਯਾਰਕ ਸਿਟੀ ਅਪਾਰਟਮੈਂਟ ਇਮਾਰਤ ਵਿੱਚ ਹੋਈ ਗੋਲੀਬਾਰੀ ਵਿੱਚ 2 ਮੌਤਾਂ ਹੋਣ ਤੇ ਇਕ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਪ੍ਰਤੱਖ ਤੌਰ 'ਤੇ ਹੱਤਿਆ ਤੇ ਖੁਦਕੁਸ਼ੀ ਦਾ ਮਾਮਲਾ ਹੈ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਸਵੇਰੇ 8 ਵਜੇ ਦੇ ਕਰੀਬ ਇਮਾਰਤ ਵਿੱਚ ਪੁੱਜੇ ਜਿਥੇ ਇੱਕ 55 ਸਾਲਾ ਵਿਅਕਤੀ ਦੇ ਸਿਰ ਵਿੱਚ ਗੋਲੀ ਵੱਜੀ ਹੋਈ ਸੀ ਤੇ ਇਕ 59 ਸਾਲਾ ਔਰਤ ਦੇ ਵੀ ਸਿਰ ਵਿੱਚ ਗੋਲੀ ਵੱਜੀ ਹੋਈ ਸੀ। ਇਨਾਂ ਦੋਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਜਦ ਕਿ ਇੱਕ 86 ਸਾਲਾ ਔਰਤ ਜਿਸ ਦੇ ਚੇਹਰੇ 'ਤੇ ਗੋਲੀ ਵੱਜੀ ਸੀ, ਨੂੰ ਜਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਨਸਾਰ ਉਸ ਦੀ ਹਾਲਤ ਗੰਭੀਰ ਪਰ ਸਥਿੱਰ ਹੈ। ਪੁਲਿਸ ਨੇ ਪੀੜਤਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਪੁਲਿਸ ਅਨੁਸਾਰ ਹਾਲਾਂ ਕਿ ਮਾਮਲਾ ਜਾਂਚ ਅਧੀਨ ਹੈ ਪਰੰਤੂ ਲੱਗਦਾ ਹੈ ਕਿ



ਵਿਅਕਤੀ ਨੇ ਆਪਣੇ ਆਪ ਨੂੰ ਗੋਲੀ ਮਾਰਨ ਤੋਂ ਪਹਿਲਾਂ ਔਰਤਾਂ ਨੂੰ ਗੋਲੀਆਂ ਮਾਰੀਆਂ ਹਨ। ਇਹ ਵਿਅਕਤੀ 23 ਸਾਲ ਪੁਲਿਸ ਫੋਰਸ ਦਾ ਹਿੱਸਾ ਰਿਹਾ ਹੈ। ਮੌਕੇ ਤੋਂ ਇੱਕ ਹਥਿਆਰ ਵੀ ਬਰਾਮਦ ਹੋਇਆ ਹੈ।

# ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ 27 ਜਨਵਰੀ ਨੂੰ ਅਹਿਮ ਮੀਟਿੰਗ

## ਦੋਵਾਂ ਰਾਜਾਂ ਦੇ ਮੁੱਖ ਮੰਤਰੀ ਚੰਡੀਗੜ੍ਹ 'ਚ ਕਰਨਗੇ ਬੈਠਕ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਲੈ ਕੇ ਹਰਿਆਣਾ ਅਤੇ ਪੰਜਾਬ ਇੱਕ ਵਾਰ ਫਿਰ ਮੀਟਿੰਗ ਕਰਨ ਜਾ ਰਹੇ ਹਨ। ਇਸ ਵਾਰ, ਮੀਟਿੰਗ ਦਿੱਲੀ ਵਿੱਚ ਨਹੀਂ, ਸਗੋਂ ਚੰਡੀਗੜ੍ਹ ਵਿੱਚ ਹੋਵੇਗੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕੋਈ ਵੀ ਕੇਂਦਰੀ ਮੰਤਰੀ ਇਸ ਵਿੱਚ ਸ਼ਾਮਲ ਨਹੀਂ ਹੋਵੇਗਾ। ਮਿਲੀ ਜਾਣਕਾਰੀ ਅਨੁਸਾਰ ਇਹ ਮੀਟਿੰਗ ਚੰਡੀਗੜ੍ਹ 'ਚ ਮੰਗਲਵਾਰ, 27 ਜਨਵਰੀ ਨੂੰ ਹਰਿਆਣਾ ਨਿਵਾਸ ਵਿਖੇ ਹੋਵੇਗੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦੋਵਾਂ ਸਰਕਾਰਾਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਣਗੇ। ਦੱਸ ਦਈਏ ਕਿ ਇਸ ਤੋਂ ਪਹਿਲਾਂ ਵੀ ਸ਼ੈਲ ਨਹਿਰ ਵਿਵਾਦ ਨੂੰ ਹੱਲ ਕਰਨ ਲਈ ਕੇਂਦਰੀ ਜਲ ਸ਼ਕਤੀ ਮੰਤਰੀ ਸੀਆਰ ਪਾਟਿਲ ਦੀ ਪ੍ਰਧਾਨਗੀ ਹੇਠ



ਜੁਲਾਈ, ਅਗਸਤ ਅਤੇ ਨਵੰਬਰ 2025 ਵਿੱਚ ਦਿੱਲੀ ਵਿੱਚ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਕੋਈ ਠੋਸ ਹੱਲ ਨਹੀਂ ਨਿਕਲਿਆ। ਹੁਣ ਇਸ ਸਾਲ ਸ਼ੈਲ ਸੰਬੰਧੀ ਬੁਲਾਈ ਗਈ ਇਹ ਪਹਿਲੀ ਮੀਟਿੰਗ ਹੈ। ਇਸ ਤੋਂ ਪਹਿਲਾਂ ਕੇਂਦਰੀ ਜਲ ਸ਼ਕਤੀ ਮੰਤਰੀ ਸੀਆਰ ਪਾਟਿਲ ਨੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਇੱਕ ਪੱਤਰ ਲਿਖ ਕੇ ਕਿਹਾ ਸੀ ਕਿ ਦੋਵਾਂ ਰਾਜਾਂ ਨੂੰ ਐਸਵਾਈਐਲ ਨਹਿਰ 'ਤੇ ਆਪਸੀ ਗੱਲਬਾਤ ਰਾਹੀਂ ਹੱਲ ਲੱਭਣਾ ਚਾਹੀਦਾ ਹੈ। ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਲੋੜ ਪਈ ਤਾਂ ਕੇਂਦਰ ਸਰਕਾਰ ਦੋਵਾਂ ਰਾਜਾਂ ਨੂੰ ਲੋੜੀਂਦੀ ਸਹਾਇਤਾ ਜ਼ਰੂਰ ਪ੍ਰਦਾਨ ਕਰੇਗੀ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**


Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Pal Films Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

### When Tired of All Treatments, For any Disease, at any Age Try Alternative Treatment

**Safe and Effective Medicines without any Side Effects**



GURDIP S SANDHU




Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India

(408) 687-1899 (925) 587-1148

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA

# ਕੌਮੀ ਬੇਟੀ ਦਿਵਸ ਮੌਕੇ ਹੋਣਹਾਰ ਬੇਟੀਆਂ ਸਨਮਾਨਿਤ
## 'ਮਾਣ ਧੀਆਂ 'ਤੇ' ਸੰਸਥਾਂ ਬੇਟੀਆਂ ਨੂੰ ਦਿੰਦੀ ਹੈ ਖਾਸ ਮੰਚ: ਰਣਜੀਤ ਕੌਰ ਸੰਧੂ

ਅੰਮ੍ਰਿਤਸਰ
ਧੈਰਿਆ ਮਹਿਰਾ

ਜ਼ਿਲ੍ਹੇ ਦੇ ਸਕੂਲ ਮੁੱਖੀਆਂ,ਸਮਾਜ ਸੇਵੀਆ, ਖੇਡ ਪ੍ਰੇਮੀਆਂ ਅਤੇ ਹੋਰ ਪ੍ਰਸਿੱਧ ਸਖ਼ਸ਼ੀਅਤਾਂ ਨੂੰ ਇਕ ਮੰਚ 'ਤੇ ਖੜ੍ਹੇ ਕਰ ਕੇ ਪਿੱਛਲੇ ਡੇਢ ਦਹਾਕੇ ਤੋਂ ਭਰੂਣ ਹੱਤਿਆ ਖ਼ਿਲਾਫ਼ ਅਤੇ ਬੇਟੀ ਬਚਾਓ,ਬੇਟੀ ਪੜ੍ਹਾਓ, ਮੁਹਿੰਮ ਤਹਿਤ ਮਹਿਲਾਵਾਂ ਅਤੇ ਧੀਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਵਾਲੀ ਅਤੇ ਸਮਾਜ ਸੇਵਾ ਦੇ ਖੇਤਰ 'ਚ ਵਿਲੱਖਣ ਪਛਾਣ ਬਣਾ ਕੇ ਏਸ਼ੀਆ ਅਤੇ ਇੰਡੀਆ ਬੁੱਕ ਵਿਚ ਨਾਂਅ ਦਰਜ ਕਰਵਾਉਣ ਤੋਂ ਇਲਾਵਾ ਕਈ ਕੌਮੀ,ਰਾਜ ਅਤੇ ਜ਼ਿਲ੍ਹਾ ਪੱਧਰੀ ਐਵਾਰਡ ਪ੍ਰਾਪਤ ਕਰਨ ਵਾਲੀ ਪੰਜਾਬ ਦੀ ਨਾਮਵਰ ਸਮਾਜ ਸੇਵੀ ਸੰਸਥਾ "ਮਾਣ ਧੀਆਂ 'ਤੇ" ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਪ੍ਰਸਿੱਧ ਸਮਾਜ ਸੇਵਕ ਅਤੇ ਖੇਡ ਪ੍ਰੋਮੋਟਰ) ਦੀ ਯੋਗ ਅਗਵਾਈ ਅਤੇ ਪ੍ਰਿੰਸੀਪਲ ਰਾਜੇਸ਼ ਪ੍ਰਭਾਕਰ ਦੀ ਸੁਚੱਜੀ ਰਹਿਨੁਮਾਈ ਹੇਠ ਪ੍ਰਭਾਕਰ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਦੇ ਆਡੀਟੋਰੀਅਮ ਵਿਖੇ ਅੱਜ ਕੌਮੀ ਬੇਟੀ ਦਿਵਸ ਮੌਕੇ ਵੱਖ-ਵੱਖ ਸਕੂਲਾਂ ਦੀਆਂ (ਮਨਸੀਰਤ ਕੌਰ,ਅਨਮੋਲਪ੍ਰੀਤ ਕੌਰ, ਰਾਧਾ ਰਾਣੀ, ਅਮਨਦੀਪ ਕੌਰ, ਮਨੀਸ਼ਾ, ਪ੍ਰਿਆ, ਅਨਸ਼ਿਕਾਂ,ਰਿਧਮਾ, ਜਸਮੀਤ ਕੌਰ, ਰਸ਼ਮੀਤ ਕੌਰ, ਅਰਵਿੰਦਰ ਕੌਰ, ਜਸ਼ਨ, ਗੁਰਨੂਰ ਕੌਰ, ਦੀਵਾਨਸ਼ੀ, ਸੁਖਮਨ ਕੌਰ, ਮਨਮੀਤ ਕੌਰ, ਕਮਲਦੀਪ ਕੌਰ, ਹਰਗੁਣ ਕੌਰ, ਦੀਪਿਕਾ, ਜੈਸਮੀਹ ਕੌਰ, ਨਵਜੋਤ ਕੌਰ, ਲਵਜੋਤ ਕੌਰ, ਨਵਪ੍ਰੀਤ ਕੌਰ ਅਤੇ ਗੁਰਨੀਵ ਕੌਰ) 24 ਹੋਣਹਾਰ ਬੇਟੀਆਂ ਨੂੰ ਮੁੱਖ ਮਹਿਮਾਨ ਸੈੱਟ ਪੀਟਰ ਕੌਂਨਵੈਂਟ ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਰਣਜੀਤ ਕੌਰ ਸੰਧੂ ਅਤੇ ਪ੍ਰਿੰਸੀਪਲ ਡਾਕਟਰ ਪੂਜਾ ਪ੍ਰਭਾਕਰ ਨੇ ਸਾਂਝੇ ਤੌਰ ਤੇ ਗੋਲਡ ਮੈਡਲਾਂ ਅਤੇ ਪ੍ਰਸ਼ੰਸਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਉਹਨਾਂ ਨੇ ਆਪਣੇ ਸੰਬੋਧਨ 'ਚ ਸਾਂਝੇ ਤੌਰ ਤੇ ਕਿਹਾ ਕੇ ਅੱਜ ਕੌਮੀ ਬੇਟੀ ਦਿਵਸ' ਮਨਾਉਣ ਦਾ ਸਾਡਾ ਮਕਸਦ ਹੈ ਕੇ ਮਾਤਾ-ਪਿਤਾ ਤੇ ਬੇਟੀਆਂ ਵਿਚਕਾਰ ਖ਼ਾਸ ਸਾਂਝ ਨੂੰ ਉਜਾਗਰ ਕਰਨਾ, ਬੇਟੀਆਂ ਦੀ ਹੋਂਦ ਦਾ ਜਸ਼ਨ ਮਨਾਉਣਾ, ਉਨ੍ਹਾਂ ਪ੍ਰਤੀ ਪਿਆਰ ਨੂੰ ਜ਼ਾਹਿਰ ਕਰਨਾ ਤੇ ਜੋ ਖ਼ੁਸ਼ੀ,ਉਹ ਸਾਰਿਆਂ ਦੀ ਜ਼ਿੰਦਗੀ ਵਿਚ ਲਿਆਉਂਦੀਆਂ ਨੇ ਉਹ ਖ਼ੁਸ਼ੀ ਉਨ੍ਹਾਂ ਨੂੰ ਵਪਸ ਦੇਣ ਲਈ ਉਪਰਾਲੇ ਕਰਨਾ ਹੈ। ਅਖੀਰ ਵਿੱਚ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਅੱਜ ਦੇ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ 24 ਜਨਵਰੀ 2008 ਨੂੰ ਕੌਮੀ ਬੇਟੀ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਗਈ। ਤਾਂ ਜੋ ਭਾਰਤੀ ਸਮਾਜ ਵਿੱਚ ਕੁੜੀਆਂ ਨੂੰ ਦਰਪੇਸ਼ ਆਉਣ ਵਾਲੀਆਂ ਮੁਸਕਿਲਾਂ ਤੋਂ ਜਾਣੂ ਕਰਵਾਇਆ ਜਾ ਸਕੇ।



ਇਸ ਮੌਕੇ ਡਾਇਰੈਕਟਰ ਰਣਜੀਤ ਕੌਰ ਸੰਧੂ ਅਤੇ ਪ੍ਰਿੰ. ਡਾ. ਪੂਜਾ ਪ੍ਰਭਾਕਰ, ਪ੍ਰਿੰ.ਰਾਜੇਸ਼ ਪ੍ਰਭਾਕਰ, ਪ੍ਰਧਾਨ ਗੁਰਿੰਦਰ ਸਿੰਘ ਮੱਟੂ, ਕਰਨਲ ਸ਼ਿਵ ਪਟਿਆਲ, ਮਨਦੀਪ ਕੌਰ, ਤਰੁਨਪ੍ਰੀਤ ਕੌਰ, ਰਿੰਪੀ ਮੈਡਮ, ਇੰਦੂ ਕਾਲੀਆ, ਰਣਜੀਤ ਕੌਰ ਅਤੇ ਦਮਨਪ੍ਰੀਤ ਕੌਰ ਮੌਜੂਦ ਸੀ।

# ਸ਼੍ਰੋਮਣੀ ਅਕਾਲੀ ਦਲ ਅਗਲੇ ਮਹੀਨੇ ਤੋਂ ਸਾਰੇ ਵਿਧਾਨ ਸਭਾ ਹਲਕਿਆਂ 'ਚ ਕਰੇਗਾ ਰੈਲੀਆਂ
## ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ 'ਚ ਪਾਰਟੀ ਵੱਲੋਂ ਨਿਭਾਈ ਇਤਿਹਾਸਕ ਭੂਮਿਕਾ ਤੋਂ ਕਰਵਾਏਗਾ ਜਾਣੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਅਕਾਲੀ ਦਲ ਨੇ ਅੱਜ ਐਲਾਨ ਕੀਤਾ ਕਿ ਪਾਰਟੀ ਵੱਲੋਂ ਅਗਲੇ ਮਹੀਨੇ ਤੋਂ ਸੂਬੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਰੈਲੀਆਂ ਕਰ ਕੇ ਪੰਜਾਬੀਆਂ ਨੂੰ ਪੰਜਾਬ ਦੇ ਵਿਕਾਸ ਵਿਚ ਅਕਾਲੀ ਦਲ ਵੱਲੋਂ ਨਿਭਾਈ ਭੂਮਿਕਾ ਤੋਂ ਜਾਣੂ ਕਰਵਾਇਆ ਜਾਵੇਗਾ ਅਤੇ ਨਾਲ ਹੀ ਸੂਬੇ ਵਿਚ 2027 ਵਿਚ ਸਰਕਾਰ ਬਣਨ 'ਤੇ ਸੂਬੇ ਲਈ ਦੂਰਅੰਦੇਸ਼ੀ ਸੋਚ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਇਹ ਫੈਸਲਾ ਅੱਜ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਹਲਕਾ ਇੰਚਾਰਜਾਂ ਦੀ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ।ਇਸ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਵਿਚ ਜ਼ੋਰ ਦੇ ਕੇ ਕਿਹਾ ਕਿ ਸਮੇਂ ਦੀਆਂ ਅਕਾਲੀ ਦਲ ਦੀਆਂ ਸਰਕਾਰਾਂ ਨੇ ਸੂਬੇ ਵਿਚ ਅਣਕਿਆਸਾ ਵਿਕਾਸ ਕੀਤਾ ਹੈ ਭਾਵੇਂ ਉਹ ਸੂਬੇ ਨੂੰ ਬਿਜਲੀ ਸਰਪਲੱਸ ਬਣਾਉਣ ਦਾ ਮਾਮਲਾ ਹੋਵੇ, ਸਾਰੇ ਸ਼ਹਿਰਾਂ ਨੂੰ ਚਹੁੰ ਮਾਰਗੀ ਸੜਕਾਂ ਨਾਲ ਜੋੜਨ, ਨਵੇਂ ਥਰਮਲ ਪਲਾਂਟ ਅਤੇ ਹਵਾਈ ਅੱਡੇ ਸਥਾਪਿਤ ਕਰਨ ਜਾਂ ਫਿਰ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਦਾ ਹੋਵੇ। ਡਾ. ਚੀਮਾ ਨੇ ਕਿਹਾ ਕਿ ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਕਾਂਗਰਸ ਅਤੇ ਮੌਜੂਦਾ ਆਮ ਆਦਮੀ ਪਾਰਟੀ (ਆਪ) ਦੋਵਾਂ ਸਰਕਾਰਾਂ ਨੇ ਬੁਨਿਆਦੀ ਢਾਂਚੇ ਦਾ ਇਕ ਵੀ ਨਵਾਂ ਢਾਂਚੇ ਖੜ੍ਹਾ ਨਹੀਂ ਕੀਤਾ ਜਿਸ ਕਾਰਨ ਸੂਬੇ ਨੂੰ ਵੱਡਾ ਨੁਕਸਾਨ ਹੋਇਆ ਹੈ। ਉਹਨਾਂ ਕਿਹਾ ਕਿ ਅਸੀਂ ਸੂਬੇ ਵਿਚ ਮੁੜ ਤੋਂ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਅਤੇ ਬੁਨਿਆਦੀ ਢਾਂਚੇ ਦੀ ਸਿਰਜਣਾ ਨਾਲ ਪੰਜਾਬ ਨੂੰ ਅੱਗੇ ਲੈ ਕੇ ਜਾਣ ਵਾਸਦੇ ਦ੍ਰਿੜ੍ਹ ਹਾਂ।



ਡਾ. ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲੀ ਦਲ ਪੰਜਾਬੀਆਂ ਨੂੰ ਅਪੀਲ ਕਰੇਗਾ ਕਿ ਉਹ ਆਪਣੀ ਖੇਤਰੀ ਪਾਰਟੀ ਦੀ ਹਮਾਇਤ ਕਰਨ। ਉਹਨਾਂ ਕਿਹਾ ਕਿ ਅਕਾਲੀ ਦਲ ਆਪ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਅਤੇ ਫੈਸਲਿਆਂ ਖਿਲਾਫ ਲੋਕ ਲਹਿਰ ਵੀ ਖੜ੍ਹੀ ਕਰੇਗਾ। ਅਸੀਂ ਪੰਜਾਬੀਆਂ ਨੂੰ ਭਰੋਸਾ ਦੁਆਉਂਦੇ ਹਾਂ ਕਿ ਪੰਜਾਬ ਨੂੰ ਮੌਜੂਦਾ ਕਾਨੂੰਨ ਹੀਣਤਾ ਦੇ ਦੌਰ ਵਿਚੋਂ ਕੱਢ ਕੇ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੀ ਸ਼ੁਰੂਆਤ ਕੀਤੀਜਾਵੇਗੀ ਅਤੇ ਪੰਜਾਬ ਵਿਚ ਨਿਵੇਸ਼ ਵਾਪਸ ਲਿਆ ਕੇ ਨੌਜਵਾਨਾਂ ਵਾਸਤੇ ਨੌਕਰੀਆਂ ਦੀ ਸਿਰਜਣਾ ਕੀਤੀ ਜਾਵੇਗੀ।ਮੀਟਿੰਗ ਨੇ ਇਹ ਵੀ ਫੈਸਲਾ ਲਿਆ ਕਿ ਸਮੁੱਚਾ ਜਥੇਬੰਦਕ ਢਾਂਚਾ 10 ਫਰਵਰੀ ਤੱਕ ਮੁਕੰਮਲ ਕਰ ਲਿਆ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਬੂਥ ਪੱਧਰੀ ਕਮੇਟੀਆਂ ਵੀ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਯੂਥ ਅਕਾਲੀ ਦਲ, ਇਸਤਰੀ ਅਕਾਲੀ ਦਲ, ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਵਪਾਰ ਵਿੰਗ ਸਮੇਤ ਪਾਰਟੀ ਦੇ ਸਮੁੱਚੇ ਵਿੰਗਾਂ ਦਾ ਢਾਂਚਾ ਵੀ ਖੜ੍ਹਾ ਕੀਤਾ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਜਿਹੜੇ ਸਾਰੇ ਆਗੂਆਂ ਨੇ ਹਾਲ ਹੀ ਵਿਚ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਅਹਿਮ ਭੂਮਿਕਾ ਅਦਾ ਕੀਤੀ ਉਹਨਾਂ ਨੂੰ ਜਥੇਬੰਦਕ ਢਾਂਚੇ ਵਿਚ ਅਹਿਮ ਭੂਮਿਕਾ ਦਿੱਤੀ ਜਾਵੇਗੀ।ਡਾ. ਚੀਮਾ ਨੇ ਕਿਹਾ ਕਿ ਮੀਟਿੰਗ ਨੇ ਇਸ ਗੱਲ ਦਾ ਗੰਭੀਰ ਨੋਟਿਸ ਲਿਆ ਕਿ ਪੰਚਾਇਤਾਂ ਨੂੰ ਟਿਊਬਵੈਲ ਕਾਰਪੋਰੇਸ਼ਨ ਦੇ ਪੈਂਡਿੰਗ ਬਿੱਲ ਭਰਨ ਵਾਸਤੇ ਮਜਬੂਰ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਚਾਇਤਾਂ ਨੂੰ ਹੁਕਮ ਦਿੱਤੇ ਜਾ ਰਹੇ ਹਨ ਕਿ ਉਹ ਕੇਂਦਰ ਸਰਕਾਰ ਤੋਂ ਉਹਨਾਂ ਦੇ ਪਿੰਡਾਂ ਦੇ ਵਿਕਾਸ ਲਈ ਪ੍ਰਾਪਤ ਹੋਏ ਫੰਡਾਂ ਵਿਚੋਂ ਇਹ ਬਿੱਲ ਭਰਨ।ਉਹਨਾਂ ਕਿਹਾ ਕਿ ਅਸੀਂ ਇਹਨਾਂ ਗੈਰ ਕਾਨੂੰਨੀ ਹੁਕਮਾਂ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਪੰਚਾਇਤਾਂ ਦੀ ਹਮਾਇਤ ਕਰਾਂਗੇ ਕਿਉਂਕਿ ਕੇਂਦਰੀ ਫੰਡ ਸੜਕਾਂ, ਸੈਨੀਟੇਸ਼ਨ, ਪੀਣ ਵਾਲਾ ਪਾਣੀ ਤੇ ਸਟ੍ਰੀਟ ਲਾਈਟਾਂ ਵਾਸਤੇ ਆਏ ਹਨ ਜਿਹਨਾਂ ਦੀ ਵਰਤੋਂ ਪਾਣੀ ਸਪਲਾਈ ਦੇ ਬਿੱਲ ਭਰਨ ਵਾਸਤੇ ਨਹੀਂ ਕੀਤੀ ਜਾ ਸਕਦੀ।ਮੀਟਿੰਗ ਨੇ ਇਸ ਗੱਲ ਦਾ ਵੀ ਨੋਟਿਯ ਲਿਆ ਕਿ ਆਪ ਸਰਕਾਰ ਵੱਲੋਂ ਸਿਹਤ ਬੀਮਾ ਯੋਜਨਾ ਸਕੀਮ ਦੇ ਨਾਂ 'ਤੇ ਪੰਜਾਬੀਆਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਰਕਾਰ ਵੱਡੇ ਵੱਡੇ ਐਲਾਨਾਂ ਨਾਲ ਪਬਲੀਸਿਟੀ ਦਾ ਸੋਸ਼ਾ ਛੱਡ ਰਹੀ ਹੈ ਜਦੋਂ ਕਿ ਇਸ ਕੋਲ ਮੈਡੀਕਲ ਬੀਮਾ ਸਕੀਮ ਲਾਗੂ ਕਰਨ ਵਾਸਤੇ ਪੈਸੇ ਹੀ ਨਹੀਂ ਹਨ। ਡਾ. ਚੀਮਾ ਨੇ ਕਿਹਾ ਕਿ ਸਕੀਮ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਵਾਸਤੇ ਆਪ ਲਈ ਡਾਟਾ ਇਕੱਤਰ ਕਰਨ ਦੀ ਯੋਜਨਾ ਵਜੋਂ ਵਰਤਿਆ ਜਾ ਰਿਹਾ ਹੈ।ਮੀਟਿੰਗ ਵਿਚ ਇਸ ਗੱਲ ਦੀ ਵੀ ਨਿਖੇਧੀ ਕੀਤੀ ਗਈ ਕਿ ਪਟਨਾ ਸਾਹਿਬ ਗੁਰਦੁਆਰਾ ਬੋਰਡ ਦੀਆਂ ਆਉਂਦੀਆਂ ਚੋਣਾਂ ਵਾਸਤੇ 8 ਫੀਸਦੀ ਗੈਰ ਸਿੱਖ ਵੋਟਰਾਂ ਦੀ ਰਜਿਸਟਰੇਸ਼ਨ ਕੀਤੀ ਗਈ ਹੈ। ਪਾਰਟੀ ਨੇ ਦਿੱਲੀ ਦੀ ਆਪ ਆਗੂ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਖਿਲਾਫ ਕੀਤੀਆਂ ਇਤਰਾਜ਼ਯੋਗ ਟਿੱਪਣੀਆਂ ਦੀ ਨਿਰਪੱਖ ਜਾਂਚ ਦੀ ਵੀ ਮੰਗ ਕੀਤੀ।

# ਰੇਲਵੇ ਲਾਈਨ 'ਤੇ ਧਮਾਕੇ ਤੋਂ ਬਾਅਦ ਗਣਤੰਤਰ ਦਿਵਸ ਜਸ਼ਨਾਂ ਦੇ ਮੱਦੇਨਜ਼ਰ ਪੰਜਾਬ ਵਿੱਚ ਵਧਾਈ ਗਈ ਸੁਰੱਖਿਆ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਗਣਤੰਤਰ ਦਿਵਸ-2026 ਦੇ ਸ਼ਾਂਤੀਪੂਰਨ ਜਸ਼ਨਾਂ ਨੂੰ ਯਕੀਨੀ ਬਣਾਉਣ ਲਈ ਸੂਬੇ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਬਾਜ਼ ਅੱਖ ਰੱਖਣ ਅਤੇ ਵਿਸ਼ੇਸ਼ ਕਾਰਵਾਈਆਂ ਨੂੰ ਅੰਜਾਮ ਦੇਣ ਲਈ 6000 ਵਾਧੂ ਪੁਲਿਸ ਨਫ਼ਰੀ ਨੂੰ ਤਾਇਨਾਤ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਬੀਤੇ ਦਿਨ 24 ਜਨਵਰੀ ਨੂੰ ਫਤਿਹਗੜ੍ਹ ਸਾਹਿਬ ਦੇ ਸਰਹਿੰਦ ਵਿੱਚ ਰੇਲਵੇ ਲਾਈਨ 'ਤੇ ਇੱਕ ਵੱਡਾ ਧਮਾਕਾ ਹੋਇਆ। ਇੱਕ ਮਾਲ ਗੱਡੀ ਦਾ ਇੰਜਣ ਨੁਕਸਾਨਿਆ ਗਿਆ ਅਤੇ ਇਸਦਾ ਪਾਇਲਟ ਜ਼ਖਮੀ ਹੋ ਗਿਆ। ਸੂਤਰਾਂ ਅਨੁਸਾਰ, ਧਮਾਕਾ ਬਹੁਤ ਖਤਰਨਾਕ ਸੀ ਅਤੇ ਆਰਡੀਐਕਸ ਦੀ ਵਰਤੋਂ ਕੀਤੇ ਜਾਣ ਦਾ ਸ਼ੱਕ ਹੈ। ਧਮਾਕੇ ਦੀ ਤੀਬਰਤਾ ਇੰਨੀ ਜ਼ਿਆਦਾ ਸੀ ਕਿ ਰੇਲਵੇ ਲਾਈਨ ਦਾ ਲਗਭਗ 12 ਫੁੱਟ ਹਿੱਸਾ ਪੂਰੀ ਤਰ੍ਹਾਂ ਟੁੱਟ ਗਿਆ। ਰੇਲਵੇ ਟਰੈਕ ਅਤੇ ਇਸਦੇ ਸਲੀਪਰ ਚਕਨਾਚੂਰ ਹੋ ਗਏ। ਘਟਨਾ ਤੋਂ ਬਾਅਦ ਪੰਜਾਬ ਦੇ ਸਾਰੇ ਰੇਲਵੇ ਸਟੇਸ਼ਨਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਇਸ ਤੋਂ ਬਿਨਾਂ ਹੋਰ ਭੀੜ ਵਾਲੇ ਇਲਾਕਿਆਂ 'ਚ ਵੀ ਚੌਕਸੀ ਵਧ ਦਿੱਤੀ ਗਈ ਹੈ।ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀਜ਼) ਨੂੰ ਆਪਣੇ ਸਬੰਧਤ ਅਧਿਕਾਰ ਖੇਤਰਾਂ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਸਾਰੇ ਸਟੇਸ਼ਨ ਹਾਊਸ ਅਫ਼ਸਰਾਂ (ਐਸਐਚਓਜ਼) ਅਤੇ ਗਜ਼ਟਿਡ ਅਫ਼ਸਰਾਂ ਨੂੰ ਗਣਤੰਤਰ ਦਿਵਸ ਸਮਾਗਮ ਦੀ ਸਮਾਪਤੀ ਤੱਕ ਫੀਲਡ ਵਿੱਚ ਰਹਿਣ ਲਈ ਹਦਾਇਤਾਂ ਕੀਤੀਆਂ ਹਨ।

ਹੋਰ ਵੇਰਵੇ ਸਾਂਝੇ ਕਰਦਿਆਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ, ''ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ ਹਿੱਸੇ ਵਜੋਂ, ਸੂਬੇ ਭਰ ਵਿੱਚ ਵਾਹਨਾਂ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਆਪਣੇ ਅਧਿਕਾਰ ਖੇਤਰਾਂ ਵਿੱਚ ਹੋਟਲਾਂ ਅਤੇ ਸਰਾਵਾਂ ਦੀ ਨੇੜਿਓਂ ਜਾਂਚ ਕਰ ਰਹੀਆਂ ਹਨ।ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਰ ਸਮੇਂ ਸੁਚੇਤ ਰਹਿਣ ਅਤੇ ਜੇਕਰ ਉਨ੍ਹਾਂ ਨੂੰ ਕੋਈ ਸ਼ੱਕੀ ਵਿਅਕਤੀ ਦਿਖਦਾ ਹੈ ਤਾਂ ਤੁਰੰਤ ਪੁਲਿਸ ਨੂੰ ਰਿਪੋਰਟ ਕਰਨ। ਉਨ੍ਹਾਂ ਅੱਗੇ ਕਿਹਾ, ''ਲੋਕ 112 ਹੈਲਪਲਾਈਨ ਨੰਬਰ 'ਤੇ ਪੁਲਿਸ ਨੂੰ ਸੂਚਿਤ ਕਰ ਸਕਦੇ ਹਨ।''ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' 329ਵੇਂ ਦਿਨ ਵੀ ਜਾਰੀ ਰੱਖੀ ਹੈ, ਜਿਸ ਤਹਿਤ ਅੱਜ 58 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 400 ਗ੍ਰਾਮ ਹੈਰੋਇਨ, 15 ਕਿਲੋ ਭੁੱਕੀ, 505 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 8940 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਸਿਰਫ 329 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 46,353 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 41 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# JVS LOGISTICS

2345 Enterprise Park Place Indianapolis Indiana, 46218



- ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
- ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
- ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ



- ਕਰਾਸ ਡੌਕ ਸੇਵਾਵਾਂ
- ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
- ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
- ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
- ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

jvslogisticsllc@outlook.com

JUGDEV SAMRA (317) 379-4065
SUKHDEV SAMRA (317) 250-3545

ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# JK TYRE INC

## JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

**2955 N. Wilson Way Stockton , CA 95205**

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਨਾਂਦੇੜ ਸਾਹਿਬ ਵਿਖੇ ਮੱਥਾ ਟੇਕਿਆ

ਨਾਂਦੇੜ
ਬਲਰਾਜ ਸਿੰਘ ਰਾਜਾ

ਮਹਾਰਾਸ਼ਟਰ ਵਿੱਚ ਅੱਜ ਨਾਂਦੇੜ ਵਿੱਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਰਧਾ ਨਾਲ ਮੱਥਾ ਟੇਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਾਂਦੇੜ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਮਹਾਰਾਸ਼ਟਰ ਸਰਕਾਰ ਕੋਲ ਉਠਾਏਗੀ ਅਤੇ ਕਿਹਾ ਕਿ ਇਹ ਪਵਿੱਤਰ ਸ਼ਹਿਰ ਸਿੱਖਾਂ ਅਤੇ ਖਾਸ ਕਰਕੇ ਮਨੁੱਖਤਾ ਲਈ ਵਧੇਰੇ ਅਧਿਆਤਮਕ ਮਹੱਤਵ ਰੱਖਦਾ ਹੈ। ਇਹ ਚੇਤੇ ਕਰਾਉਂਦਿਆਂ ਕਿ ਪੰਜਾਬ ਸਰਕਾਰ ਪਹਿਲਾਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਐਲਾਨ ਚੁੱਕੀ ਹੈ, ਪੰਜਾਬ ਦੇ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਗੁਰੂ ਸਾਹਿਬਾਨਾਂ ਦੇ ਫਲਸਫ਼ੇ ਦੇ ਵੱਧ ਤੋਂ ਵੱਧ ਪਸਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਲਗੀਧਰ ਪਾਤਸ਼ਾਹ ਜੀ ਦੇ ਪਵਿੱਤਰ ਅਸਥਾਨ 'ਤੇ ਵੀ ਮੱਥਾ ਟੇਕਿਆ ਅਤੇ ਇਸ ਧਾਰਮਿਕ ਅਸਥਾਨ ਦੇ ਪ੍ਰਬੰਧਕਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨੇ ਇਸ ਪਵਿੱਤਰ ਅਸਥਾਨ ਵਿਖੇ ਨਤਮਸਤਕ ਹੋਣ ਲਈ ਪਹੁੰਚੇ ਸ਼ਰਧਾਲੂਆਂ ਅਤੇ ਸਥਾਨਕ ਨਿਵਾਸੀਆਂ ਦਾ ਭਾਰੀ ਇਕੱਠ ਵੀ ਦੇਖਿਆ, ਜੋ ਪੰਥ, ਇਸ ਦੀਆਂ ਇਤਿਹਾਸਕ ਸੰਸਥਾਵਾਂ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਵਾਲੇ ਲੋਕਾਂ ਦਰਮਿਆਨ ਡੂੰਘੇ ਸਬੰਧਾਂ ਨੂੰ ਦਰਸਾਉਂਦਾ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਾਂਦੇੜ ਸਾਹਿਬ ਨਾ ਸਿਰਫ਼ ਸਿੱਖਾਂ ਲਈ ਸਗੋਂ ਸਮੁੱਚੀ ਮਨੁੱਖਤਾ ਲਈ ਪਵਿੱਤਰ ਅਸਥਾਨ ਹੈ, ਕਿਉਂਕਿ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਕਾਫ਼ੀ ਸਮਾਂ ਇਸ ਪਵਿੱਤਰ ਨਗਰੀ 'ਚ ਬਿਤਾਇਆ ਸੀ।

ਪੰਜਾਬ ਦੇ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨਾਂਦੇੜ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਸਬੰਧੀ ਮੰਗ ਨੂੰ ਮਹਾਰਾਸ਼ਟਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਏਗੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਾਲ ਹੀ ਵਿੱਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ, ਦਾ 350ਵਾਂ ਸ਼ਹੀਦੀ ਦਿਹਾੜਾ ਅਥਾਹ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।

ਪਿਛਲੇ ਸਾਲ ਲਏ ਗਏ ਇੱਕ ਮਹੱਤਵਪੂਰਨ ਫੈਸਲੇ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਵੰਬਰ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਪੰਜਾਬ ਸਰਕਾਰ ਨੇ ਤਿੰਨ ਸ਼ਹਿਰਾਂ, ਜਿੱਥੇ ਸਿੱਖਾਂ ਦੇ ਤਖ਼ਤ ਸਾਹਿਬਾਨ ਸਥਾਪਤ ਹਨ, ਨੂੰ ਪਵਿੱਤਰ ਸ਼ਹਿਰਾਂ ਵਜੋਂ ਨਾਮਜ਼ਦ ਕੀਤਾ ਸੀ। ਉਨ੍ਹਾਂ ਕਿਹਾ ਕਿ ਵਾਲਡ ਸਿਟੀ ਅੰਮ੍ਰਿਤਸਰ, ਤਲਵੰਡੀ ਸਾਬੋ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਵਾਲਾ ਅਧਿਕਾਰਤ ਨੋਟੀਫਿਕੇਸ਼ਨ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ, ਜਿਸ ਨਾਲ ਦੁਨੀਆ ਭਰ ਦੀਆਂ ਸੰਗਤਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸੇ ਤਰਜ 'ਤੇ ਮਹਾਰਾਸ਼ਟਰ ਸਰਕਾਰ ਵੱਲੋਂ ਵੀ ਨਾਂਦੇੜ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜ ਦੇਣ ਸਬੰਧੀ ਐਲਾਨ ਕੀਤਾ ਜਾਣਾ ਚਾਹੀਦਾ ਹੈ, ਜਿਸ ਲਈ ਪੰਜਾਬ ਸਰਕਾਰ ਹਰ ਸੰਭਵ ਯਤਨ ਕਰੇਗੀ।

ਮੁੱਖ ਮੰਤਰੀ ਨੇ ਨਾਂਦੇੜ ਸਾਹਿਬ ਵਿੱਚ ਪੰਜਾਬ ਭਵਨ ਦੀ ਪੂਰੀ ਤਰ੍ਹਾਂ ਕਾਇਆ-ਕਲਪ ਦਾ ਵੀ ਐਲਾਨ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਪੰਜਾਬ ਭਵਨ ਨੂੰ ਸ਼ਰਧਾਲੂਆਂ ਦੀ ਸਹੂਲਤ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਸ਼ਰਧਾਲੂਆਂ ਦੀ ਸਹੂਲਤ ਲਈ ਨਾਂਦੇੜ ਵਿੱਚ ਵੇਰਕਾ ਦੁੱਧ ਉਤਪਾਦਾਂ ਦੀ ਸਪਲਾਈ ਨੂੰ ਹੋਰ ਵੀ ਸੁਚਾਰੂ ਬਣਾਇਆ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਹਰ ਸੰਭਵ ਸਹੂਲਤ ਨੂੰ ਯਕੀਨੀ ਬਣਾਉਣ ਵਾਸਤੇ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਦੇਸ਼ ਲਈ ਪੰਜਾਬੀਆਂ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਆਜ਼ਾਦੀ ਸੰਗਰਾਮ, ਦੇਸ਼ ਨੂੰ ਅੰਨ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਅਤੇ ਭਾਰਤ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ ਹੈ।

ਉਨ੍ਹਾਂ ਕਿਹਾ ਕਿ ਜਿਥੇ ਸਰਹੱਦਾਂ ਦੀ ਰਾਖੀ ਦੀ ਗੱਲ ਆਉਂਦੀ ਹੈ ਤਾਂ ਪੰਜਾਬੀ ਹਮੇਸ਼ਾ ਸਭ ਤੋਂ ਅੱਗੇ ਅਤੇ ਕੁਰਬਾਨੀਆਂ ਦੇਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਕਿਸੇ ਵੀ ਦੁਰਘਟਨਾ ਦੇ ਸਮੇਂ ਪੰਜਾਬੀ ਅਕਸਰ ਲੋੜਵੰਦਾਂ ਦੀ ਸੇਵਾ ਲਈ ਰੈੱਡ ਕਰਾਸ ਵਰਗੀਆਂ ਸੰਸਥਾਵਾਂ ਤੋਂ ਵੀ ਪਹਿਲਾਂ ਹੀ ਮੌਕੇ 'ਤੇ ਪਹੁੰਚ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਨੌਜਵਾਨ ਪੀੜ੍ਹੀਆਂ ਲਈ ਮਹਾਨ ਗੁਰੂ ਸਾਹਿਬਾਨਾਂ ਦੀ ਸ਼ਾਨਦਾਰ ਵਿਰਾਸਤ ਨੂੰ ਸੰਭਾਲ ਕੇ ਰੱਖੇ। ਉਨ੍ਹਾਂ ਕਿਹਾ ਕਿ ਅਸੀਂ ਮਹਾਨ ਗੁਰੂ ਸਾਹਿਬਾਨਾਂ ਦੇ ਨਕਸ਼ੇ-ਕਦਮਾਂ 'ਤੇ ਚੱਲ ਰਹੇ ਹਾਂ, ਜਿਨ੍ਹਾਂ ਨੇ ਮਨੁੱਖਤਾ ਨੂੰ ਜ਼ੁਲਮ, ਅੱਤਿਆਚਾਰ ਅਤੇ ਬੇਇਨਸਾਫ਼ੀ ਵਿਰੁੱਧ ਖੜ੍ਹੇ ਹੋਣਾ ਸਿਖਾਇਆ ਅਤੇ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ।

ਉਨ੍ਹਾਂ ਅੱਗੇ ਕਿਹਾ ਕਿ ਇਸ ਵਚਨਬੱਧਤਾ ਦੇ ਹਿੱਸੇ ਵਜੋਂ ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਇਆ। ਉਨ੍ਹਾਂ ਕਿਹਾ ਕਿ ਸਾਡਾ ਇੱਕੋ ਇੱਕ ਉਦੇਸ਼ ਨੌਜਵਾਨ ਪੀੜ੍ਹੀਆਂ ਨੂੰ ਗੁਰੂ ਸਾਹਿਬਾਨਾਂ ਦੇ ਜੀਵਨ, ਫਲਸਫ਼ੇ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਦੀ ਰਾਖੀ ਲਈ ਦਿੱਤੀਆਂ ਮਹਾਨ ਕੁਰਬਾਨੀਆਂ ਨਾਲ ਜੋੜਨਾ ਹੈ।

ਇਸ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ



ਵਿਖੇ ਮੁੱਖ ਮੰਤਰੀ ਨੇ ਸੂਬੇ ਦੀ ਤਰੱਕੀ, ਵਿਕਾਸ ਅਤੇ ਇਥੋਂ ਦੇ ਲੋਕਾਂ ਦੀ ਖੁਸ਼ਹਾਲੀ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ ਧਰਮ ਦੇ ਪੰਜ ਸਭ ਤੋਂ ਉੱਚ ਅਸਥਾਨਾਂ ਵਿੱਚੋਂ ਇੱਕ ਹੈ, ਜੋ ਭਾਈਚਾਰੇ ਲਈ ਅਧਿਆਤਮਕ, ਅਲੌਕਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਬਾਕੀ ਚਾਰ ਤਖ਼ਤ ਅੰਮ੍ਰਿਤਸਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਲਵੰਡੀ ਸਾਬੋ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਬਿਹਾਰ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸਥਿਤ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨਿਰਪੱਖਤਾ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਧਾਰਮਿਕ ਆਜ਼ਾਦੀ ਲਈ ਬੇਮਿਸਾਲ ਯੋਗਦਾਨ ਪਾਇਆ ਅਤੇ ਇਨ੍ਹਾਂ ਆਦਰਸ਼ਾਂ 'ਤੇ ਚਲਦਿਆਂ ਆਪਣਾ ਪੂਰਾ ਪਰਿਵਾਰ ਕੁਰਬਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਪਣੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਨਾਂਦੇੜ ਸਾਹਿਬ ਦੀ ਪਵਿੱਤਰ ਧਰਤੀ 'ਤੇ ਬਿਤਾਇਆ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਪਵਿੱਤਰ ਅਸਥਾਨ ਵਿਖੇ ਸ਼ਰਧਾ ਤੇ ਸਤਿਕਾਰ ਭੇਟ ਕਰਨ ਦਾ ਮੌਕਾ ਮਿਲਣ ਨਾਲ ਖੁਦ ਨੂੰ ਸੁਭਾਗਾ ਮਹਿਸੂਸ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੈਂ ਪਰਮਾਤਮਾ ਤੋਂ ਅਸ਼ੀਰਵਾਦ ਮੰਗਦਾ ਹਾਂ ਕਿ ਉਹ ਮੈਨੂੰ ਪੰਜਾਬ ਦੇ ਲੋਕਾਂ ਦੀ ਵਧੇਰੇ ਨਿਮਰਤਾ ਅਤੇ ਸਮਰਪਣ ਨਾਲ ਸੇਵਾ ਕਰਨ ਦੀ ਸਮਰੱਥਾ ਬਖ਼ਸ਼ਣ। ਗੁਰਦੁਆਰਾ ਸਾਹਿਬ ਵਿਖੇ ਅਰਦਾਸ ਤੋਂ ਬਾਅਦ ਉਨ੍ਹਾਂ ਨੇ ਕਿਸੇ ਵੀ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਬਿਨਾਂ ਲੋਕਾਂ ਦੀ ਸੇਵਾ ਕਰਨ ਅਤੇ ਇੱਕ ਸਦਭਾਵਨਾਪੂਰਨ ਸਮਾਜ ਦੀ ਸਿਰਜਣ ਲਈ ਆਪਣੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

# ਬੰਗਲਾਦੇਸ਼ ਵਿੱਚ ਇੱਕ ਹੋਰ ਹਿੰਦੂ ਨੌਜਵਾਨ ਦੀ ਹੱਤਿਆ: ਜਿਊਂਦੇ ਨੂੰ ਸਾੜਿਆ

ਢਾਕਾ
ਸਾਂਝੀ ਸੋਚ ਬਿਊਰੋ

ਬੰਗਲਾਦੇਸ਼ ਦੇ ਨਰਸਿੰਗਦੀ ਜ਼ਿਲ੍ਹੇ ਵਿੱਚ ਇੱਕ ਹਿੰਦੂ ਨੌਜਵਾਨ ਨੂੰ ਜ਼ਿੰਦਾ ਸਾੜਨ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। 23 ਸਾਲਾ ਚੰਚਲ ਚੰਦਰ ਭੌਮਿਕ ਦੀ ਸੜੀ ਹੋਈ ਲਾਸ਼ ਸ਼ੁੱਕਰਵਾਰ ਰਾਤ ਨੂੰ ਇੱਕ ਦੁਕਾਨ ਦੇ ਅੰਦਰੋਂ ਮਿਲੀ। ਪਰਿਵਾਰ ਨੇ ਇਸਨੂੰ ਇੱਕ ਯੋਜਨਾਬੱਧ ਕਤਲ ਦੱਸਿਆ ਹੈ। ਇਹ ਘਟਨਾ ਨਰਸਿੰਗਦੀ ਸ਼ਹਿਰ ਵਿੱਚ ਪੁਲਿਸ ਲਾਈਨਾਂ ਦੇ ਨਾਲ ਲੱਗਦੇ ਮਸਜਿਦ ਮਾਰਕੀਟ ਖੇਤਰ ਵਿੱਚ ਵਾਪਰੀ। ਉਸਦੀ ਲਾਸ਼ ਗੈਰਾਜ ਦੇ ਅੰਦਰ ਮਿਲੀ ਜਿੱਥੇ ਚੰਚਲ ਕੰਮ ਕਰਦਾ ਸੀ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ।

ਸਥਾਨਕ ਲੋਕਾਂ ਦੇ ਅਨੁਸਾਰ, ਘਟਨਾ ਸਮੇਂ ਚੰਚਲ ਗੈਰਾਜ ਦੇ ਅੰਦਰ ਸੌਂ ਰਿਹਾ ਸੀ। ਰਾਤ ਦੇ ਸਮੇਂ ਕਿਸੇ ਨੇ ਬਾਹਰੋਂ ਸ਼ਟਰ 'ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਅੱਗ ਅੰਦਰ ਤੇਜ਼ੀ ਨਾਲ ਫੈਲ ਗਈ। ਚਸ਼ਮਦੀਦਾਂ ਨੇ ਦੱਸਿਆ ਕਿ ਚੰਚਲ ਅੱਗ ਵਿੱਚ ਫਸਿਆ ਹੋਇਆ ਸੀ ਅਤੇ ਲੰਬੇ ਸਮੇਂ ਤੱਕ ਦਰਦ ਨਾਲ ਤੜਫਦਾ ਰਿਹਾ।



ਬਚਣ ਦਾ ਕੋਈ ਰਸਤਾ ਨਾ ਮਿਲਣ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਲੋਕਾਂ ਨੇ ਇਸ ਘਟਨਾ ਨੂੰ ਦਿਲ ਦਹਿਲਾ ਦੇਣ ਵਾਲਾ ਦੱਸਿਆ। ਘਟਨਾ ਦੀ ਜਾਣਕਾਰੀ ਮਿਲਣ 'ਤੇ, ਨਰਸਿੰਗਦੀ ਫਾਇਰ ਸਰਵਿਸ ਦੀ ਟੀਮ ਮੌਕੇ 'ਤੇ ਪਹੁੰਚੀ। ਲਗਭਗ ਇੱਕ ਘੰਟੇ ਦੀ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਅੱਗ ਬੁਝਾਉਣ ਤੋਂ ਬਾਅਦ, ਦੁਕਾਨ ਦੇ ਅੰਦਰੋਂ ਚੰਚਲ ਦੀ ਪੂਰੀ ਤਰ੍ਹਾਂ ਸੜੀ ਹੋਈ ਲਾਸ਼ ਬਰਾਮਦ ਕੀਤੀ ਗਈ। ਘਟਨਾ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ। ਇਸ ਵਿੱਚ, ਇੱਕ ਵਿਅਕਤੀ ਦੁਕਾਨ ਦੇ ਬਾਹਰ ਅੱਗ ਲਗਾਉਂਦਾ ਅਤੇ ਮੌਕੇ ਤੋਂ ਭੱਜਦਾ ਦਿਖਾਈ ਦੇ ਰਿਹਾ ਹੈ। ਹਾਲਾਂਕਿ, ਪੁਲਿਸ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ।

ਚੰਚਲ ਦੇ ਪਿਤਾ, ਖੋਕਨ ਚੰਦਰ ਭੌਮਿਕ, ਪਹਿਲਾਂ ਹੀ ਅਕਾਲ ਚਲਾਣਾ ਕਰ ਚੁੱਕੇ ਹਨ। ਉਸਦੀ ਮਾਂ, ਪ੍ਰਮਿਤਾ ਰਾਣੀ ਭੌਮਿਕ, ਪੂਰੀ ਤਰ੍ਹਾਂ ਉਸ 'ਤੇ ਨਿਰਭਰ ਸੀ। ਚੰਚਲ ਆਪਣੀ ਬਿਮਾਰ ਮਾਂ, ਅਪਾਹਜ ਵੱਡੇ ਭਰਾ ਅਤੇ ਛੋਟੇ ਭਰਾ ਦੀ ਜ਼ਿੰਮੇਵਾਰੀ ਨਿਭਾ ਰਿਹਾ ਸੀ। ਉਹ ਪਰਿਵਾਰ ਦਾ ਇਕਲੌਤਾ ਕਮਾਉਣ ਵਾਲਾ ਮੈਂਬਰ ਸੀ।

Space available for Ad
Contact # +1 (209) 303-1260


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com


EACH OFFICE IS INDEPENDENTLY OWNED AND OPERATED


Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਖੁਸ਼ੀ, ਸੋਗ, ਚੜ੍ਹਦੀ ਕਲਾ

ਖੁਸ਼ੀ, ਸੋਗ ਤੇ ਚੜ੍ਹਦੀ ਕਲਾ ਨੂੰ ਅਲੱਗ ਅਲੱਗ ਜਾਨਣਾ ਬਹੁਤ ਜਰੂਰੀ ਹੈ। ਕਿਉਂਕਿ ਅਸੀਂ ਖੁਸ਼ੀ ਤੇ ਚੜ੍ਹਦੀ ਕਲਾ ਨੂੰ ਇੱਕ ਹੀ ਕਰੀ ਜਾਂਦੇ ਹਾਂ ।ਖੁਸ਼ੀ ਨੂੰ ਸਿਰਫ ਦੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ ਪ੍ਰੰਤੂ ਫੜਿਆ ਜਾਂ ਇੱਕ ਜਗ੍ਹਾ ਰੱਖਿਆ ਨਹੀਂ ਜਾ ਸਕਦਾ। ਕਿਉਂਕਿ ਇਹ ਇੱਕ ਆਕਾਰ ਰੂਪ ਵਿੱਚ ਨਹੀਂ ਹੈ।ਅਸੀਂ ਦੇਖਣ ਨਾਲ, ਗਤੀਵਿਧੀਆਂ ਤੋਂ ਮਹਿਸੂਸ ਕਰਕੇ ਅੱਖਾਂ ਰਾਹੀਂ ਕੰਨਾਂ ਰਾਹੀਂ ਤੇ ਸਰੀਰਕ ਸਪਰਸ਼ ਤੋਂ ਪਤਾ ਚੱਲਦਾ ਹੈ। ਜਦੋਂ ਮਨ ਨੂੰ ਦਿਲਾਸਾ ਸ਼ਾਂਤੀ ਚੰਗੀਆਂ ਤਰੰਗਾਂ ,ਸਕਾਰਤਮਕ ਵਾਤਾਵਰਨ ਹੋਵੇ ਜਾਂ ਕਰਨ ਦੀ ਕੋਸ਼ਿਸ਼ ਕਰੀਏ ਉਸਨੂੰ ਖੁਸ਼ੀ ਕਹਿੰਦੇ ਹਨ। ਜਿਵੇਂ ਕਿਸੇ ਨੂੰ ਮਿਲੀਏ ਉਸਦੀਆਂ ਅੱਖਾਂ ਵਿੱਚ ਉਸਦੀ ਪੋਜੀਟਿਵ ਐਕਟੀਵਿਟੀ ਤੋਂ ਅੰਦਾਜ਼ਾ ਲੱਗ ਜਾਂਦਾ ਹੈ। ਜਿਵੇਂ ਆਪਾਂ ਅਲੱਗ ਅਲੱਗ ਖਾਣੇ ਬਣਾ ਕੇ, ਕਿਸੇ ਨੂੰ ਫੁੱਲ ਜਾਂ ਗਿਫਟ ਦੇ ਕੇ ਮਦਦ ਕਰਕੇ, ਗੱਲਾਂ ਕਰਕੇ ਇੱਕ ਪੋਜਟਿਵ ਵਾਈਬਰੇਸ਼ਨ ਤੇ ਚੰਗੇ ਵਾਤਾਵਰਨ ਨੂੰ ਪੈਦਾ ਕਰਦੇ ਹਾਂ ਜਾਂ ਯਤਨ ਕਰਦੇ ਹਾਂ ਤਾਂ ਕਿ ਖੁਸ਼ੀ ਪ੍ਰਗਟ ਹੋ ਸਕੇ। ਖੁਸ਼ੀ ਦੀ ਪਰਿਭਾਸ਼ਾ ਜਦੋਂ ਦੀ ਦੁਨੀਆ ਬਣੀ ਹੈ ਉਦੋਂ ਤੋਂ ਲੈ ਕੇ ਅੱਜ ਤੱਕ ਉਹੀ ਹੀ ਰਹੀ ਹੈ। ਇੱਥੋਂ ਤੱਕ ਕਿ ਹਰ ਦੇਸ਼ ਵਿੱਚ ਹਰ ਕਬੀਲੇ ਵਿੱਚ ਇੱਕੋ ਹੀ ਰਹੀ ਹੈ। ਦੂਸਰਾ ਵਿਪਰੀਤ ਸ਼ਬਦ ਹੈ ਸੋਗ।ਸੋਗ ਨੂੰ ਵੀ ਦੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਆਕਾਰ ਰੂਪ ਵਿੱਚ ਫੜਿਆ ਨਹੀਂ ਜਾ ਸਕਦਾ। ਜਦੋਂ ਮਨ ਬੇਚੈਨ ਅਸ਼ਾਂਤ ,ਛੋਟਾਪਨ, ਇਕੱਲਾਪਨ ਅਤੇ ਆਪਣੇ ਆਲੇ ਦੁਆਲੇ ਨਕਾਰਤਮਕ ਵਾਤਾਵਰਨ ਅਤੇ ਨੈਗਟਿਵ ਵਾਈਬਰੇਸ਼ਨ ਪ੍ਰਸਾਰਨਾ ਸ਼ੁਰੂ ਹੋ ਜਾਏ, ਪਸਰਨਾ ਸ਼ੁਰੂ ਹੋ ਜਾਏ ਤਾਂ ਉਸਨੂੰ ਸੋਗ ਕਹਿੰਦੇ ਹਨ। ਇਸ ਦੀ ਪਰਿਭਾਸ਼ਾ ਵੀ ਕਦੀ ਨਹੀਂ ਬਦਲੀ ਪਹਿਲਾਂ ਵੀ ਉਹੀ ਸੀ ਅੱਜ ਵੀ ਉਹੀ ਹੈ।ਇਸ ਧਰਤੀ ਤੇ ਹਰ ਮਨੁੱਖ ਮਹਿਸੂਸ ਵੀ ਕਰਦਾ ਹੈ ਤੇ ਦੇਖਦਾ ਵੀ ਹੈ ਚੜਦੀ ਕਲਾ ਨੂੰ ਵੀ ਦੇਖਿਆ ਤੇ ਮਹਿਸੂਸ ਕੀਤਾ ਜਾਂਦਾ ਹੈ। ਪ੍ਰੰਤੂ ਫਰਕ ਇਨਾ ਹੀ ਹੈ ਕਿ ਹਰ ਮਨੁੱਖ ਦੇਖ ਵੀ ਨਹੀਂ ਸਕਦਾ ਹਰ ਮਨੁੱਖ ਮਹਿਸੂਸ ਵੀ ਨਹੀਂ ਕਰ ਸਕਦਾ ।ਖੁਸ਼ੀ, ਸੋਗ ਤੇ ਚੜ੍ਹਦੀ ਕਲਾ ਮਨ ਮਹਿਸੂਸ ਕਰਦਾ ਹੈ। ਚੜ੍ਹਦੀ ਕਲਾ ਮਨ ਦੇ ਆਲੇ ਦੁਆਲੇ ਵਾੜ ਕਰ ਦਿੰਦਾ ਹੈ ਕਿ ਹਰ ਉਸ ਨੈਗਟਿਵ ਤਰੰਗਾਂ ਨੂੰ ਨੈਗਟਿਵ ਵਾਤਾਵਰਨ ਨੂੰ ਨੈਗਟਿਵ ਗਤੀਵਿਧੀਆਂ ਨੂੰ ਪੋਜੀਟਿਵ ਬਣਾ ਦਿੱਤਾ ਹੈ। ਉਸ ਨੂੰ ਚੜ੍ਹਦੀ ਕਲਾ ਕਹਿੰਦੇ ਹਨ। ਚੜਦੀ ਕਲਾ ਗੁਰੂ ਸਾਹਿਬ ਦੇ ਪ੍ਰਕਾਸ਼ 1469 ਤੋਂ ਪਹਿਲਾਂ ਵੀ ਇਸ ਧਰਤੀ ਤੇ ਮੌਜੂਦ ਸੀ। ਭਾਵੇਂ ਕਿ ਥੋੜੇ ਥੋੜੇ ਰੂਪ ਦੇ ਵਿੱਚ ਜਾਂ ਕੁਝ ਕਬੀਲਿਆਂ ਵਿੱਚ ਹੀ ਸੀ। ਪ੍ਰੰਤੂ ਇਸ ਦਾ ਵਿਸਥਾਰ ਜਿਸ ਤਰ੍ਹਾਂ ਗੁਰੂ ਨਾਨਕ ਦੇ ਘਰ ਨੇ ਕੀਤਾ ਉਸ ਤਰ੍ਹਾਂ ਹੋਰ ਨਹੀਂ ਕਰ ਸਕਿਆ । ਇਥੋਂ ਤੱਕ ਕਿ ਹਰ ਗੁਰੂ ਸਾਹਿਬ ਨੂੰ ਮੰਨਣ ਵਾਲਿਆਂ ਨੇ ਇਸ ਚੜ੍ਹਦੀ ਕਲਾ ਨੂੰ ਬਹੁਤ ਹੀ ਚੰਗੀ ਤਰ੍ਹਾਂ ਸਮਝ ਕੇ ਅਪਣਾਇਆ ਹੋਇਆ ਹੈ। ਇਥੋਂ ਤੱਕ ਕਿ ਸਿੱਖਾਂ ਨੇ ਆਪਣੇ ਨਿਤ ਦੇ ਜੀਵਨ ਵਿੱਚ ਨਿਤ ਵਰਤਣ ਵਾਲੀ ਚੀਜ਼ ਦਾ ਵੀ ਹਿੱਸਾ ਬਣਾ ਲਿਆ ਹੈ।ਜਿਵੇਂ ਕਿ ਇੱਕ = ਸਵਾ ਲੱਖ, ਲੰਗਰ ਮੁੱਕ ਜਾਵੇ= ਲੰਗਰ ਮਸਤਾਨਾ ਹੋ ਗਿਆ, ਰਾਤ ਦੇ ਪ੍ਰਸ਼ਾਦੇ =ਸਵੇਰੇ ਉਹਦਾ ਨਾਮ ਮਿੱਠੇ ਪ੍ਰਸ਼ਾਦੇ,ਗੁੱਸਾ=ਬੀਰ ਰਸ,ਤਲਵਾਰ= ਕਿਰਪਾਨ ਹੰਕਾਰ= ਸਵੈ ਮਾਣ ,ਨਾਮ ਦੇ ਵਿੱਚ ਸਿੰਘ ਲਿਖਣਾ, ਨਾਮ ਤਾਕਤ ਵਾਲੇ ਰੱਖਣੇ ,ਜੀਵਨ ਦੇ ਨਿਤ ਚੱਲਦੇ ਵਿੱਚ ਆਪਣੇ ਆਪ ਨੂੰ ਪੋਜੀਟਿਵ ਵਾੜ ਕਰਕੇ ਹੀ ਕਾਮਯਾਬੀ ਪ੍ਰਾਪਤ ਕਰਨੀ। ਗੁਰੂ ਸਾਹਿਬ ਨੇ ਪਹਿਲਾਂ ਆਪ ਕੀਤਾ ਫਿਰ ਸਿਖਾਇਆ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹਾਦਤ ਮਨਾਉਂਦਿਆਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਲਸਾਨੀ ਸ਼ਹਾਦਤ ਨੂੰ ਮਨਾਉਂਦਿਆਂ ਕਿਸ ਤਰ੍ਹਾਂ ਦੇਸ਼ ਪ੍ਰਦੇਸ਼ ਦੀਆਂ ਸੰਗਤਾਂ ਵੱਲੋਂ ਕਮੇਟੀਆਂ ਵੱਲੋਂ ਜਥੇਬੰਦੀਆਂ ਸੁਸਾਇਟੀਆਂ ਵੱਲੋਂ ਚੜ੍ਹਦੀ ਕਲਾ ਦੇ ਨਾਮ ਥੱਲੇ ਖੁਸ਼ੀਆਂ ਮਨਾਈਆਂ ਗਈਆਂ ਕਹਿਣ ਦੀ ਕੋਈ ਗੱਲ ਨਹੀਂ ਹੈ। ਗੁਰਦੁਆਰਿਆਂ ਦੀਆਂ ਕਮੇਟੀਆਂ ਡੇਰਿਆਂ ਵੱਲੋਂ ਅਲੱਗ ਅਲੱਗ ਸਟਾਲ ਲਵਾ ਕੇ ਪਕੌੜੇ, ਗਰਮ ਜਲੇਬੀਆਂ, ਛੋਲੇ ਭਟੂਰੇ ਵੱਡੀਆਂ ਵੱਡੀਆਂ ਲਾਈਨਾਂ ਲਗਵਾ ਕੇ ਜਿਸ ਤਰ੍ਹਾਂ ਸੰਗਤਾਂ ਨੇ ਚੜ੍ਹਦੀ ਕਲਾ ਦੇ ਨਾਮ ਥੱਲੇ ਖੁਸ਼ੀਆਂ ਮਨਾਈਆਂ ਗਈਆਂ। ਬੈਨਰਾਂ ਉੱਤੇ ਭਾਈ ਮਤੀ ਦਾਸ ਜੀ ਦੀ ਤਸਵੀਰ ਸਿਰ ਉੱਤੇ ਆਰਾ ਚੱਲ ਰਿਹਾ ਹੈ ਸਰੀਰ ਇੱਕ ਦੇ ਦੋ ਕੀਤੇ ਜਾ ਰਹੇ ਹਨ ਤੇ ਅੱਖਾਂ ਦੇਖ ਵੀ ਰਹੀਆਂ ਹਨ । ਫਿਰ ਵੀ ਖੁਸ਼ੀ ਮਨਾ ਰਹੇ ਹਾਂ।ਸਾਨੂੰ ਪਤਾ ਹੀ ਨਹੀਂ ਹੈ ਕੀ ਪਰੋਸ ਰਹੇ ਹਾਂ। 2025 ਤੱਕ ਸਿੱਖੀ ਦੇ ਆਉਂਦਿਆਂ ਆਪਾਂ ਚੜ੍ਹਦੀ ਕਲਾ ਨੂੰ ਹੋਰ ਵਿਸਥਾਰ ਕਰਨਾ ਸੀ ਪ੍ਰੰਤੂ ਚੜ੍ਹਦੀ ਕਲਾ ਨੂੰ ਥੱਲੇ ਕਰਕੇ ਖੁਸ਼ੀ ਵਿੱਚ ਬਦਲ ਕੇ ਰੱਖ ਦਿੱਤਾ। ਛੋਲੇ ਭਟੂਰਿਆਂ ਦੀ ਮੂੰਹ ਵਿੱਚ ਪਾਈ ਬੁਰਕੀ ਢਿੱਡ ਵਿੱਚ ਉਤਰ ਕਿਵੇਂ ਰਹੀ ਸੀ। ਇਸ ਸੰਗਤ ਦੇ ਜਦੋਂ ਅੱਖਾਂ ਪਾਈ ਦਿਆਲਾ ਜੀ ਨੂੰ ਵੇਖ ਰਹੀਆਂ ਸਨ ਤੇ ਭਾਈ ਦਿਆਲਾ ਜੀ ਨੂੰ ਪਾਣੀ ਵਿੱਚ ਉਬਲ ਰਿਹਾ ਨੂੰ ਦੇਖ ਰਹੀਆਂ ਸਨ ।ਯਾਦ ਰਹੇ ਇਤਿਹਾਸ ਕਦੀ ਕਿਸੇ ਨੂੰ ਮਾਫ ਨਹੀਂ ਕਰਦਾ ਕਿ 350 ਸਾਲਾਂ ਸ਼ਹਾਦਤ ਤੇ ਸਿੱਖਾਂ ਨੇ ਕੀ ਕੁਝ ਕੀਤਾ। ਜਦੋਂ ਕਿ 400 ਸਾਲਾਂ ਦੇ ਦੁਆਰਾ ਦੇਖਣਾ ਨਸੀਬ ਵੀ ਨਹੀਂ ਹੋਵੇਗਾ ਜਿਸ ਤਰ੍ਹਾਂ ਅੱਜ ਦੇ ਕਥਾਵਾਚਕ ਤੇ ਸੰਸਥਾਵਾਂ ਦੇ ਮੁਖੀ ਗੁਰੂ ਸਾਹਿਬ ਦੇ ਪ੍ਰਕਾਸ਼ ਦਿਨ ਨੂੰ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ 27 ਦਸੰਬਰ ਨੂੰ ਇਕੱਠਾ ਮਨਾਉਣ ਦੀ ਵਕਾਲਤ ਕਰ ਰਹੇ ਹਨ ਤੇ ਚੜ੍ਹਦੀ ਕਲਾ ਦੇ ਨਾਮ ਥੱਲੇ ਵਿਸਥਾਰ ਕਰਕੇ ਦੱਸ ਰਹੇ ਹਨ। ਬਿਲਕੁਲ ਬੇਬੁਨਿਆਦ ਬਿਨਾਂ ਤਰਕ ਤੋਂ ਬੜੀ ਹੀ ਚਲਾਕੀ ਨਾਲ ਪਰੋਸ ਰਹੇ ਹਨ। ਇਹ ਗਲਤ ਹੈ ਤੇ ਗਲਤ ਹੀ ਰਹੇਗਾ। ਮੇਰੀ ਸਲਾਹ ਹੈ ਸਾਰੇ ਸਿੱਖ ਜਗਤ ਨੂੰ ਗੁਰੂ ਸਾਹਿਬ ਦੇ ਨੌਵੇਂ ਪਾਤਸ਼ਾਹ ਤੇ ਸਾਹਿਬਜ਼ਾਦਿਆਂ ਤੇ ਲਸਾਨੀ ਸ਼ਹਾਦਤ ਨੂੰ ਚੜ੍ਹਦੀ ਕਲਾ ਦੇ ਨਾਮ ਥੱਲੇ ਰੋਲ ਰਹੇ ਹਾਂ। ਤੁਸੀਂ ਆਪਣੇ ਘਰ ਵਿੱਚ ਜਾਂ ਰਿਸ਼ਤੇਦਾਰੀ ਵਿੱਚ ਜਾਂ ਆਂਢ ਗੁਆਂਡ ਵਿੱਚ ਕੋਈ ਮੌਤ ਜਾਂ ਸ਼ਹਾਦਤ ਹੋਈ ਹੋਵੇ ਇਸੇ ਤਰ੍ਹਾਂ ਛੋਲੇ ਭਟੂਰੇ,ਗਰਮ ਜਲੇਬੀਆਂ, ਜੈਕਾਰੇ ਤੇ ਹੋਰ ਖੁਸ਼ੀ ਦੇ ਸਮਾਗਮ ਜਰੂਰ ਕਰਿਓ ਤਾਂ ਕਿ ਚੜ੍ਹਦੀ ਕਲਾ ਦਾ ਭਾਵ,ਖੁਸ਼ੀ, ਸੋਗ ,ਵੈਰਾਗ ਵਿਚ ਫਰਕ ਮਹਿਸੂਸ ਕਰ ਸਕੋ । ਦਸੰਬਰ ਦੇ ਪਿਛਲੇ10 ਦਿਨਾਂ ਨੂੰ ਸਿਰਫ ਤੇ ਸਿਰਫ ਵੈਰਾਗਮਈ ਤੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਹੀ ਮਨਾਉਣੇ ਚਾਹੀਦੇ ਹਨ । ਗੁਰੂ ਸਾਹਿਬ ਜੀ ਦਾ ਪ੍ਰਕਾਸ਼ ਦਿਨ 5 ਜਨਵਰੀ ਹੀ ਮਨਾਇਆ ਜਾਵੇ।

**ਸੁਖਵਿੰਦਰ ਸਿੰਘ ਅਮਰੀਕਾ**
**+1 (917) 225-2798**






# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



# ਪ੍ਰੀਖਿਆ ਤੋਂ ਅੱਗੇ ਸੋਚਣਾ ਪਵੇਗਾ ਸਿੱਖਿਆ ਦਾ ਅਸਲ ਉਦੇਸ਼

ਅੱਜ ਦੇ ਸਮੇਂ ਵਿੱਚ 'ਸਿੱਖਿਆ' ਅਤੇ 'ਪਰੀਖਿਆ' ਇੱਕ ਦੂਜੇ ਦੇ ਸਮਾਨਾਰਥੀ ਬਣ ਗਏ ਹਨ। ਜਿਵੇਂ ਹੀ ਇੱਕ ਬੱਚਾ ਸਕੂਲ ਜਾਂਦਾ ਹੈ, ਉਸਦੀ ਸਿੱਖਣ ਦੀ ਯਾਤਰਾ ਅੰਕਾਂ ਅਤੇ ਗ੍ਰੇਡਾਂ ਦੀ ਦੌੜ ਵਿੱਚ ਬਦਲ ਜਾਂਦੀ ਹੈ। ਪਰ ਕੀ ਜ਼ਿੰਦਗੀ ਦੀ ਸਫਲਤਾ ਸਿਰਫ਼ ਉੱਤਰ ਪੁਸਤਕਾਂ ਵਿੱਚ ਲਿਖੇ ਸ਼ਬਦਾਂ ਤੱਕ ਸੀਮਤ ਹੈ? ਇਹ ਸਮਾਂ ਆ ਗਿਆ ਹੈ ਕਿ ਅਸੀਂ ਪ੍ਰੀਖਿਆ ਤੋਂ ਪਰੇ ਸੋਚਣਾ ਸ਼ੁਰੂ ਕਰ ਦੇਈਏ।

ਅੰਕਾਂ ਦੇ ਜਾਲ ਤੋਂ ਬਾਹਰ ਨਿਕਲਣਾ ਅਕਸਰ ਇਹ ਮੰਨਿਆ ਜਾਂਦਾ ਹੈ ਕਿ 95% ਅੰਕ ਵਾਲਾ ਵਿਅਕਤੀ ਸਭ ਤੋਂ ਬੁੱਧੀਮਾਨ ਹੁੰਦਾ ਹੈ। ਪਰ ਅਸਲੀਅਤ ਇਹ ਹੈ ਕਿ ਇੱਕ ਪ੍ਰੀਖਿਆ ਸਿਰਫ਼ ਤੁਹਾਡੀ ਯਾਦਦਾਸ਼ਤ ਦੀ ਜਾਂਚ ਕਰਦੀ ਹੈ, ਨਾ ਕਿ ਤੁਹਾਡੀ ਯੋਗਤਾ ਦੀ। ਅੰਕ: ਸਿਰਫ਼ ਇੱਕ ਖਾਸ ਦਿਨ ਦੇ ਪ੍ਰਦਰਸ਼ਨ ਨੂੰ ਦਰਸਾਉਂਦੇ ਹਨ। ਹੁਨਰ: ਇਹ ਨਿਰਧਾਰਤ ਕਰਦੇ ਹਨ ਕਿ ਤੁਸੀਂ ਅਸਲ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਦੇ ਹੋ।

ਯਾਦ ਕਰਨ ਦੀ ਸੱਭਿਆਚਾਰ ਬਨਾਮ ਡੂੰਘੀ ਸਮਝ ਸਾਡੀ ਮੌਜੂਦਾ ਵਿਵਸਥਾ 'ਰੱਟੇ ਮਾਰ' ਵਿਧੀ 'ਤੇ ਟਿਕੀ ਹੋਈ ਹੈ। ਵਿਦਿਆਰਥੀ ਸਾਲ ਭਰ ਸਿਰਫ਼ ਇਸ ਲਈ ਪੜ੍ਹਦੇ ਹਨ ਤਾਂ ਜੋ ਉਹ ਪ੍ਰੀਖਿਆ ਦੇ ਤਿੰਨ ਘੰਟਿਆਂ ਵਿੱਚ ਸਭ ਕੁਝ ਉਡਾ ਸਕਣ। ਪ੍ਰੀਖਿਆ ਤੋਂ ਅੱਗੇ: ਸਾਨੂੰ 'ਕੀ' ਦੀ ਬਜਾਏ 'ਕਿਉਂ' ਅਤੇ 'ਕਿਵੇਂ' 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਜਦੋਂ ਤੱਕ ਵਿਦਿਆਰਥੀ ਵਿਸ਼ੇ ਦੀ ਡੂੰਘਾਈ ਨੂੰ ਨਹੀਂ ਸਮਝਦੇ, ਉਹ ਗਿਆਨ ਉਨ੍ਹਾਂ ਦੇ ਜੀਵਨ ਵਿੱਚ ਕੰਮ ਨਹੀਂ ਕਰੇਗਾ।

ਭਵਿੱਖ ਦੇ ਹੁਨਰ ਆਉਣ ਵਾਲਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਤਕਨੀਕੀ ਤਬਦੀਲੀਆਂ ਦਾ ਹੈ। ਇੱਥੇ ਸਿਰਫ਼ ਡਿਗਰੀ ਹੀ ਕੰਮ ਨਹੀਂ ਕਰੇਗੀ। ਵਿਦਿਆਰਥੀਆਂ ਨੂੰ ਹੇਠ ਲਿਖੇ ਹੁਨਰਾਂ ਦਾ ਵਿਕਾਸ ਕਰਨ ਦੀ ਲੋੜ ਹੈ: ਤਰਕਪੂਰਨ ਸੋਚ: ਸਹੀ ਅਤੇ ਗਲਤ ਵਿਚਕਾਰ ਫ਼ਰਕ ਕਰਨਾ। ਭਾਵਨਾਤਮਕ ਬੁੱਧੀ: ਤਣਾਅ ਅਤੇ ਰਿਸ਼ਤਿਆਂ ਦਾ ਪ੍ਰਬੰਧਨ ਕਰਨਾ। ਅਨੁਕੂਲਨ ਸਮਰੱਥਾ: ਬਦਲਦੀਆਂ ਸਥਿਤੀਆਂ ਦੇ ਅਨੁਸਾਰ ਆਪਣੇ ਆਪ ਨੂੰ ਢਾਲਣਾ।

ਅਸਫਲਤਾ ਦਾ ਡਰ ਅਤੇ ਮਾਨਸਿਕ ਸਿਹਤ ਪ੍ਰੀਖਿਆ ਦੇ ਭਾਰੀ ਦਬਾਅ ਕਾਰਨ ਨੌਜਵਾਨਾਂ ਵਿੱਚ ਤਣਾਅ ਅਤੇ ਉਦਾਸੀ ਵਧ ਰਹੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਇੱਕ ਪ੍ਰੀਖਿਆ ਪੱਤਰ ਦਾ ਟੁਕੜਾ ਕਿਸੇ ਦੇ ਭਵਿੱਖ ਨੂੰ ਨਿਰਧਾਰਤ ਨਹੀਂ ਕਰ ਸਕਦਾ। ਸਾਡੇ ਕੋਲ ਮਹਾਨ ਵਿਗਿਆਨੀ ਥਾਮਸ ਐਡੀਸਨ ਅਤੇ ਅਲਬਰਟ ਆਈਨਸਟਾਈਨ ਵਰਗੀਆਂ ਉਦਾਹਰਣਾਂ ਹਨ, ਜਿਨ੍ਹਾਂ ਨੇ ਸਕੂਲ ਦੀਆਂ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਨਹੀਂ ਕੀਤਾ ਪਰ ਦੁਨੀਆ ਨੂੰ ਬਦਲ ਦਿੱਤਾ।

ਪ੍ਰੀਖਿਆਵਾਂ ਗਿਆਨ ਦੀ ਜਾਂਚ ਕਰਨ ਦਾ ਇੱਕ ਤਰੀਕਾ ਹੋ ਸਕਦੀਆਂ ਹਨ, ਪਰ ਇਹ ਗਿਆਨ ਦਾ ਪੂਰਾ ਮੁਲਾਂਕਣ ਨਹੀਂ ਹੈ। ਰਟਕਰ ਜਵਾਬ ਲਿਖਣ ਵਾਲਾ ਵਿਦਿਆਰਥੀ ਚੰਗੇ ਅੰਕ ਲਿਆ ਸਕਦਾ ਹੈ, ਪਰ ਕੀ ਉਹ ਜ਼ਿੰਦਗੀ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰ ਸਕੇਗਾ? ਅੱਜ ਦਾ ਸਮਾਜ ਅਜਿਹੇ ਨੌਜਵਾਨਾਂ ਦੀ ਮੰਗ ਕਰਦਾ ਹੈ ਜੋ ਸੋਚ ਸਕਣ, ਸਵਾਲ ਕਰ ਸਕਣ, ਨਵੇਂ ਰਸਤੇ ਲੱਭ ਸਕਣ ਅਤੇ ਬਦਲਾਅ ਨਾਲ ਆਪਣੇ ਆਪ ਨੂੰ ਢਾਲ ਸਕਣ।

ਪ੍ਰੀਖਿਆ-ਕੇਂਦ੍ਰਿਤ ਸੋਚ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਸ ਨਾਲ ਸਿੱਖਣ ਦੀ ਉਤਸੁਕਤਾ ਖਤਮ ਹੋ ਜਾਂਦੀ ਹੈ। ਵਿਦਿਆਰਥੀ ਇਹ ਨਹੀਂ ਪੁੱਛਦਾ ਕਿ "ਇਹ ਕਿਉਂ ਹੈ? ", ਸਗੋਂ ਇਹ ਸੋਚਦਾ ਹੈ ਕਿ " 'ਤੇ ਪ੍ਰੀਖਿਆ ਵਿੱਚ ਆਵੇਗਾ ਜਾਂ ਨਹੀਂ? " ਤੇ ਨਤੀਜਾ ਇਹ ਹੁੰਦਾ ਹੈ ਕਿ ਵਿਸ਼ਾ ਬੋਝ ਬਣ ਜਾਂਦਾ ਹੈ ਅਤੇ ਸਿੱਖਣ ਦਾ ਦਬਾਅ।

ਸਾਨੂੰ ਇਹ ਸਮਝਣਾ ਪਵੇਗਾ ਕਿ ਸਿੱਖਿਆ ਦਾ ਅਸਲ ਉਦੇਸ਼ ਸ਼ਖਸੀਅਤ ਨਿਰਮਾਣ ਹੈ। ਸਿਰਫ਼ ਨੌਕਰੀ ਪ੍ਰਾਪਤ ਕਰਨਾ ਨਹੀਂ, ਸਗੋਂ ਜ਼ਿੰਮੇਵਾਰ ਨਾਗਰਿਕ ਬਣਨਾ। ਜ਼ਿੰਦਗੀ ਵਿੱਚ ਸਫਲ ਉਹ ਵਿਅਕਤੀ ਹੁੰਦਾ ਹੈ ਜਿਸ ਕੋਲ ਗੱਲਬਾਤ ਕਰਨ ਦੇ ਹੁਨਰ, ਨੈਤਿਕ ਕਦਰਾਂ-ਕੀਮਤਾਂ, ਭਾਵਨਾਤਮਕ ਸਮਝ ਅਤੇ ਅਸਫਲਤਾਵਾਂ ਤੋਂ ਬਚਣ ਦੀ ਤਾਕਤ ਹੋਵੇ। ਇਹਨਾਂ ਗੁਣਾਂ ਨੂੰ ਕਿਸੇ ਪ੍ਰਸ਼ਨ ਪੱਤਰ ਵਿੱਚ ਨਹੀਂ ਮਾਪਿਆ ਜਾ ਸਕਦਾ।

ਇਸ ਤਬਦੀਲੀ ਵਿੱਚ ਅਧਿਆਪਕਾਂ ਅਤੇ ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਬੱਚਿਆਂ ਦੀ ਤੁਲਨਾ ਅੰਕਾਂ ਨਾਲ ਨਹੀਂ, ਸਗੋਂ ਦਿਲਚਸਪੀ, ਮਿਹਨਤ ਅਤੇ ਤਰੱਕੀ ਨਾਲ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਜਾਣਾ ਚਾਹੀਦਾ ਹੈ ਕਿ ਪ੍ਰੀਖਿਆ ਵਿੱਚ ਅਸਫਲ ਹੋਣਾ ਜ਼ਿੰਦਗੀ ਵਿੱਚ ਅਸਫਲ ਨਹੀਂ ਹੁੰਦਾ। ਖੇਡ, ਕਲਾ, ਲਿਖਤ, ਨਵੀਨਤਾ ਅਤੇ ਸਮਾਜਿਕ ਕੰਮ ਨੂੰ ਵੀ ਗਣਿਤ ਜਾਂ ਵਿਗਿਆਨ ਵਾਂਗ ਹੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ।

ਨਵੀਂ ਸਿੱਖਿਆ ਨੀਤੀ ਇਸ ਦਿਸ਼ਾ ਵੱਲ ਇਸ਼ਾਰਾ ਕਰਦੀ ਹੈ, ਜਿੱਥੇ ਹੁਨਰਾਂ, ਅਨੁਭਵੀ ਸਿਖਲਾਈ ਅਤੇ ਬਹੁ-ਅਨੁਸ਼ਾਸਨੀ ਸਿੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ। ਪਰ ਨੀਤੀਆਂ ਤੋਂ ਵੱਧ ਜ਼ਰੂਰੀ ਹੈ ਸਾਡੀ ਸੋਚ ਨੂੰ ਬਦਲਣਾ।ਅੰਤ ਵਿੱਚ ਪ੍ਰੀਖਿਆ ਇੱਕ ਸਟਾਪ ਹੈ, ਮੰਜ਼ਿਲ ਨਹੀਂ। ਜੇਕਰ ਅਸੀਂ ਬੱਚਿਆਂ ਨੂੰ ਸਿਰਫ਼ ਪ੍ਰੀਖਿਆਵਾਂ ਲਈ ਤਿਆਰ ਕਰੀਏ, ਤਾਂ ਉਹ ਸਵਾਲਾਂ ਤੋਂ ਡਰ ਜਾਣਗੇ। ਪਰ ਜੇ ਅਸੀਂ ਉਨ੍ਹਾਂ ਨੂੰ ਜ਼ਿੰਦਗੀ ਲਈ ਤਿਆਰ ਕਰੀਏ, ਤਾਂ ਉਹ ਹਰ ਚੁਣੌਤੀ ਨੂੰ ਮੌਕੇ ਵਿੱਚ ਬਦਲ ਦੇਣਗੇ। ਇਸ ਲਈ ਲੋੜ ਹੈ।ਪਰੀਖਿਆ ਤੋਂ ਅੱਗੇ ਸੋਚਣ ਦੀ।ਸਿੱਖਿਆ ਦਾ ਅੰਤਮ ਉਦੇਸ਼ ਸਿਰਫ਼ ਇੱਕ ਵਧੀਆ ਨੌਕਰੀ ਪ੍ਰਾਪਤ ਕਰਨਾ ਹੀ ਨਹੀਂ ਹੈ, ਸਗੋਂ ਇੱਕ ਸੋਚਣ ਵਾਲਾ ਅਤੇ ਵਿਚਾਰਸ਼ੀਲ ਇਨਸਾਨ ਬਣਨਾ ਹੈ। ਜਦੋਂ ਅਸੀਂ ਪ੍ਰੀਖਿਆਵਾਂ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਉਤਸੁਕਤਾ, ਰਚਨਾਤਮਕਤਾ ਅਤੇ ਮਨੁੱਖਤਾ ਨੂੰ ਮਹੱਤਵ ਦਿੰਦੇ ਹਾਂ ਤਾਂ ਹੀ ਦੇਸ਼ ਦਾ ਅਸਲ ਵਿਕਾਸ ਸੰਭਵ ਹੋਵੇਗਾ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001
www.ghumanlawgroup.org
2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਸੋਨੇ ਦੀ ਚਿੜੀ

ਭਾਰਤ ਦੇਸ਼ ਨੂੰ ਫਿਰ ਆਪਾਂ, ਸੋਨੇ ਦੀ ਚਿੜੀ ਬਣਾਵਾਂਗੇ।
ਤਿੰਨ ਰੰਗੇ ਪਰਚਮ ਨੂੰ ਰਲ਼ ਕੇ, ਦੁਨੀਆਂ ਵਿੱਚ ਲਹਿਰਾਵਾਂਗੇ।
ਗੁਰੂਆਂ ਪੀਰਾਂ ਇਸ ਧਰਤੀ ਨੂੰ, ਅਧਿਆਤਮ ਦਾ ਰੰਗ ਦਿੱਤਾ,
ਸੂਰਬੀਰਾਂ, ਬਲੀਦਾਨੀਆਂ ਸਾਨੂੰ, ਦੇਸ਼-ਸੇਵਾ ਦਾ ਢੰਗ ਦਿੱਤਾ।
ਇੱਕ-ਇੱਕ ਬੱਚੇ ਦੇ ਵਿੱਚ ਆਪਾਂ, ਅਣਖ ਦਾ ਬੀਜ ਉਗਾਵਾਂਗੇ।
ਭਾਰਤ ਦੇਸ਼ ਨੂੰ ਫਿਰ ਆਪਾਂ...
ਸਾਰੇ ਧਰਮ ਹੀ ਉੱਚੇ-ਸੁੱਚੇ, ਸਾਰੇ ਰੰਗ ਹੀ ਚੰਗੇ ਨੇ,
ਇੱਕੋ ਜੋਤ ਤੋਂ ਪੈਦਾ ਹੋਏ, ਭਾਵੇਂ ਰੰਗ-ਬਿਰੰਗੇ ਨੇ।
ਗ਼ਲੀ ਗ਼ਲੀ ਵਿੱਚ ਜਾ ਕੇ, ਦੇਸ਼-ਪ੍ਰੇਮ ਦੇ ਗੀਤ ਹੀ ਗਾਵਾਂਗੇ।
ਭਾਰਤ ਦੇਸ਼ ਨੂੰ ਫਿਰ ਆਪਾਂ...
ਹਿੰਦੋਸਤਾਨ 'ਚ ਰਲ਼ ਕੇ ਰਹਿੰਦੇ, ਮੁਸਲਿਮ, ਸਿੱਖ ਜਾਂ ਹਿੰਦੂ ਨੇ,
ਸਾਂਝ ਇਨ੍ਹਾਂ ਵਿੱਚ ਪੱਕੀ-ਪੀਡੀ, ਹਿੰਦ-ਗਗਨ ਦੇ ਇੰਦੂ ਨੇ।
ਏਕੇ ਵਿੱਚ ਏਦਾਂ ਹੀ ਹਰਦਮ, ਸੁਰ ਤੇ ਤਾਲ ਮਿਲਾਵਾਂਗੇ।
ਭਾਰਤ ਦੇਸ਼ ਨੂੰ ਫਿਰ ਆਪਾਂ...
ਧਰਤ ਨੂੰ ਰੱਖੀਏ ਹਰੀ ਭਰੀ, ਤੇ ਨਸ਼ਿਆਂ ਤੋਂ ਬੱਸ ਦੂਰ ਰਹੀਏ,
ਮੰਦਾ ਬੋਲ ਨਾ ਮੂੰਹੋਂ ਕੱਢੀਏ, ਨਾ਼ਲ ਮੁਹੱਬਤ ਮਿਲ ਬਹੀਏ।
ਨਰ-ਨਾਰੀ ਤੇ ਬੱਚੇ ਮਿਲ ਕੇ, ਗੀਤ ਆਜ਼ਾਦੀ ਗਾਵਾਂਗੇ।
ਭਾਰਤ ਦੇਸ਼ ਨੂੰ ਫਿਰ ਆਪਾਂ...



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਉੱਡਦੇ ਪਤੰਗਾਂ ਦਾ ਸੁਨੇਹਾ

ਸੋਹਣੇ ਸੋਹਣੇ ਪਤੰਗਾਂ ਨੂੰ ਚੜ੍ਹਾਇਓ
ਤੁਸੀਂ ਬੱਚਿਓ।
ਪਰ ! ਇਹ ਗੱਲ ਭੁੱਲ ਨਾ ਜਾਇਓ
ਤੁਸੀਂ ਬੱਚਿਓ।
ਨਾ ਹੀ ਛੱਤਾਂ ਉੱਤੇ ਕਰਨੀਆਂ
ਸ਼ਰਾਰਤਾਂ।
ਉੱਚੀਆਂ ਤੇ ਪੱਕੀਆਂ ਨੇ ਸਾਰੀਆਂ
ਇਮਾਰਤਾਂ।
ਡਿੱਗ ਕੇ ਸੱਟ ਨਾ ਖਾਇਓ ਤੁਸੀਂ
ਬੱਚਿਓ।
ਸੋਹਣੇ ਸੋਹਣੇ ਪਤੰਗਾਂ,,,,,,,,,,,
ਜੇ ਤੁਸੀਂ ਕੱਟੀ ਹੋਈ ਪਤੰਗ ਪਿੱਛੇ
ਭੱਜੋ 'ਗੇ,
ਲੱਗ ਜਾਣੀ ਸੱਟ, ਇੱਕ ਦੂਜੇ ਵਿੱਚ
ਵੱਜੋ 'ਗੇ।
ਅਜੇਹੀ ਘਟਨਾ ਤੋਂ ਬੱਚ ਜਾਇਓ
ਤੁਸੀਂ ਬੱਚਿਓ।
ਸੋਹਣੇ ਸੋਹਣੇ ਪਤੰਗਾਂ ਨੂੰ,,,,,,,,,
ਸੋਹਣੀ ਰੁੱਤ ਬਸੰਤ ਦੀ ਖੁਸ਼ੀਆਂ
ਨੂੰ ਵੰਡਦੀ।
ਹੁਣ ਰੁੱਤ ਘਟ ਜਾਣੀ ਹੈ ਬਹੁਤੀ
ਠੰਡ ਦੀ।
ਬਸੰਤ ਪੰਚਮੀ ਤਿਉਹਾਰ ਮਨਾਇਓ
ਤੁਸੀਂ ਬੱਚਿਓ।
ਸੋਹਣੇ ਸੋਹਣੇ ਪਤੰਗਾਂ ਨੂੰ,,,,,,,,
ਲਓ ਨਜ਼ਾਰੇ , ਨਾ ਪਾਇਓ ਬੁਰੇ
ਜੱਭ ਨੂੰ।
ਬੱਚੇ ਤੇ ਪਤੰਗ ਸੋਹਣੇ ਲੱਗਦੇ ਨੇ
ਸਭ ਨੂੰ।
ਇਹ ਗੱਲ ਸਮਝ 'ਚ ਪਾਇਓ
ਤੁਸੀਂ ਬੱਚਿਓ।
ਸੋਹਣੇ ਸੋਹਣੇ ਪਤੰਗਾਂ ਨੂੰ ਚੜ੍ਹਾਇਓ
ਤੁਸੀਂ ਬੱਚਿਓ।
ਪਰ ਇਹ ਗੱਲਾਂ ਭੁੱਲ ਨਾ ਜਾਇਓ
ਤੁਸੀਂ ਬੱਚਿਓ।



ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

LARRY T. NIERMEYER



Attorney at Law

OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447

1420 F STREET ST_ 2ND FLOOR MODESTO, CA 95354
Email : ltniermeyer@aol.com


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਜਰੂਰ ਮਿਲੋ
COMMERCIAL and RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential & Commercial
(317) 513-9456
jsamra@jassamra.com
www.jassamra.com
8555 N. River Rd. Suite 200 Indianapolis, IN 46240
Real Estate Lic Number Each Office Independently Owned And Operated

web -www.globaldrugtestinginc@gmail.com
email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring
Driver Files | Safety Audit | Clearing House | Driver Management





"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION
Where Hope Meets

IMMIGRATION OPPORTUNITIES

USA SERVICES :
CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :
Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

# WE HAVE THE CHEAPEST FARES TO INDIA

# LEGEND TRAVEL

arc accredited agency

CST # 207524-40

Special Fares To India From West-coast (us) On Air India Direct Flights



JATINDER SINGH



## LOWEST AIRFARES FROM USA TO INDIA

★ Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

# (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਸਾਂਝੀ ਸੋਚ HD

SANJHI SOCH TV & DAILY NEWSPAPER

TO EXPAND YOUR BUSINESS
IN INDIAN COMMUNITY

Through Newspaper & T.V,
Advertise with us just as
low as $100 PER MONTH.

TV NEWS

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ
ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com  Sanjhi Soch TV NRI



SANJHI SOCH HD

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH HD

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260